ਚਾਰ ਸਾਹਿਬਜ਼ਾਦੇ

ਪਿਆਰਾ ਸਿੰਘ ਪਦਮ

ਚਾਰ ਸਾਹਿਬਜ਼ਾਦੇ

ਪਿਆਰਾ ਸਿੰਘ ਪਦਮ

998 25-00

ਤਤਕਰਾ

ਸਰਬੰਸ-ਦਾਨੀ

ਹਮਨੇ ਉਨਕੇ ਸਾਮ੍ਹਨੇ, ਪਹਿਲੇ ਤੋ ਖੰਜਰ ਰਖ ਦੀਆ ।
ਫਿਰ ਕਲੇਜਾ ਰਖ ਦੀਆ, ਦਿਲ ਰਖ ਦੀਆ, ਸਰ ਰਖ ਦੀਆ ।
ਕਤਰਾਏ ਖ਼ੂਨੇ ਜਿਗਰ ਸੇ, ਕੀ ਤੁਆਜ਼ੋ ਯਾਰ ਕੀ
ਸਾਮ੍ਹਨੇ ਮਿਹਮਾਂ ਕੇ ਜੁ ਕੁਛ ਥਾ ਮੁਯੱਸਰ ਰਖ ਦੀਆ ।

ਇਸੇ ਕਲਮ ਤੋਂ—

ਗੁਰੂ ਘਰ, ਗੁਰੂ ਨਾਨਕ ਸਾਗਰ, ਗੋਬਿੰਦ ਸਾਗਰ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਆਦਿ ਗ੍ਰੰਥ ਦਰਸ਼ਨ, ਦਸਮ ਗ੍ਰੰਥ ਦਰਸ਼ਨ, ਦਰਬਾਰੀ ਰਤਨ, ਸੰਖੇਪ ਸਿੱਖ ਇਤਿਹਾਸ, ਪੰਜ ਦਰਿਆ, ਰਹਿਤਨਾਮੇ, ਤੇਗ ਬਹਾਦਰ ਸਿਮਰੀਐ, ਕਲਾਮ ਭਾਈ ਨੰਦ ਲਾਲ, ਸਾਡੇ ਗੁਰਦੇਵ, ਮਹਾਂਕਵੀ ਸੰਤੋਖ ਸਿੰਘ, ਪੰਜਾਬੀ ਮਹਾਰਾਜਾ, ਪੰਜਾਬੀ ਵਾਰਾਂ, ਪੰਜਾਬੀ ਬਾਰਾਂਮਾਹੇ, ਪੰ. ਮਾਝਾਂ ਤੇ ਆਸਾਵਰੀਆਂ, ਪੰਜਾਬੀ ਜੰਞਾਂ, ਪੰਜਾਬੀ ਝਗੜੇ, ਸੂਫੀ ਕਾਵਿਧਾਰਾ, ਸੰਤ ਕਾਵਿਧਾਰਾ, ਹਾਸ਼ਮ ਰਚਨਾਵਲੀ, ਬਾਬਾ ਸਾਧੂਜਨ, ਸਾਧੂ ਈਸ਼ਰ ਦਾਸ, ਹਿੰਦੁਸਤਾਨੀ ਕਵੀ, ਹਿੰ. ਕਵਿਤਾ, ਹਿੰ. ਕਲਾ, ਪ੍ਰਾਚੀਨ ਪੰਜਾਬੀ ਗੱਦ, ਪੰਜਾਬੀ ਬੋਲੀ ਦਾ ਇਤਿਹਾਸ, ਗੁਰਮੁਖੀ ਲਿਪੀ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਕਲਮ ਦੇ ਚਮਤਕਾਰ, ਕਲਮ ਦੇ ਧਨੀ, ਖਲੀਲ ਜਿਬ੍ਰਾਨ ਦੇ ਬਚਨ ਬਿਲਾਸ, ਜ਼ਫਰਨਾਮਾ, ਪੁਸ਼ਪਾਂਜਲੀ ਆਦਿ।



ਪਹਿਲੀ ਵਾਰ 1967
ਦੂਜੀ ਵਾਰ 1970
ਤੀਜੀ ਵਾਰ 1983
ਚੌਥੀ ਵਾਰ 1988
ਪੰਜਵੀਂ ਵਾਰ 1994
ਛੇਵੀਂ ਵਾਰ 1996
ਸੱਤਵੀਂ ਵਾਰ 1998

 ਕੀਮਤ 25-00

ਪ੍ਰੋ. ਪਿਆਰਾ ਸਿੰਘ ਪਦਮ, ਕਲਮ ਮੰਦਿਰ, ਲੋਅਰ ਮਾਲ, ਪਟਿਆਲਾ।

ਸਹਾਇਕ ਸੋਮੇ—

1. ਜ਼ਫਰਨਾਮਾ—ਸ੍ਰੀ ਗੁਰੂ ਗੋਬਿੰਦ ਸਿੰਘ
2. ਫ਼ਤਿਹਨਾਮਾ—(ਅਗਿਆਤ ਕਵੀ)
3. ਅਹਿਕਾਮਿ ਆਲਮਗੀਰੀ—ਮੁਨਸ਼ੀ ਇਨਾਇਤੁੱਲਾ ਖ਼ਾਂ ਇਸਮੀ
4. ਤਾਰੀਖ਼ਿ ਮੁਅੱਜ਼ਮਸ਼ਾਹ—ਮੌਲਵੀ ਅਬਦੁਲ ਰਸੂਲ
5. ਕਥਾ ਗੁਰੂ ਜੀ ਕੇ ਸੁਤਨ ਕੀ—ਭਾਈ ਦੁਨਾ ਸਿੰਘ ਹੰਡੂਰੀਆ (ਹੱਥ-ਲਿਖਤ)
6. ਸ੍ਰੀ ਗੁਰ ਸ਼ੋਭਾ—ਸੈਣਾ ਸਿੰਘ
7. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ—ਕੇਸਰ ਸਿੰਘ ਛਿੱਬਰ
8. ਗੁਰਪ੍ਰਣਾਲੀਆਂ—ਸੰਪਾਦਕ-ਭਾਈ ਰਣਧੀਰ ਸਿੰਘ
9. ਗੁਰੂ ਕੀਆਂ ਸਾਖੀਆਂ—ਸਰੂਪ ਸਿੰਘ ਕੌਸ਼ਿਸ਼
10. ਗੰਜਿ ਸ਼ਹੀਦਾਂ—ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ
11. ਸ਼ਹੀਦਾਨਿ ਵਫ਼ਾ— " "
12. ਜੌਹਰਿ ਤੇਗ—ਮਿਰਜ਼ਾ ਮੁਹੰਮਦ ਅਬਦੁਲ ਗ਼ਨੀ

ਦੋ ਸ਼ਬਦ

ਅਸੀਂ ਚਾਰ ਸਾਹਿਬਜ਼ਾਦਿਆਂ ਦੀ ਵਡਿਆਈ ਕੇਵਲ ਇਸ ਲਈ ਹੀ ਨਹੀਂ ਕਰਦੇ ਕਿ ਇਨ੍ਹਾਂ ਦਾ ਜਨਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਹੋਇਆ ਸੀ ਸਗੋਂ ਇਸ ਵਡਿਆਈ ਦਾ ਅਸਲ ਕਾਰਣ ਇਹ ਹੈ ਕਿ ਉਨ੍ਹਾਂ ਦੀ ਮ੍ਰਿਤੂ ਕੁਰਬਾਨੀ ਦੇ ਘਰ ਹੋਈ ਸੀ। ਸ਼ਹਾਦਤ ਦੀ ਦੇਵੀ ਨੂੰ ਜਿਸ ਤਰ੍ਹਾਂ ਉਨ੍ਹਾਂ ਰੀਝਾਇਆ, ਉਹ ਬੇਮਿਸਾਲ ਹੈ। ਸ਼ਹੀਦੀ ਦਾ ਜੋ ਸਬਕ ਉਨ੍ਹਾਂ ਪੜ੍ਹਾਇਆ, ਉਹ ਹਰ ਸਿਖ ਬੱਚੇ ਨੂੰ ਇਤਨਾ ਕੰਠ ਹੋ ਗਿਆ ਹੈ ਕਿ ਕਦੀ ਭੁਲਾਇਆ ਜਾਣ ਵਾਲਾ ਨਹੀਂ। ਸੱਚ ਪੁਛੋ ਇਹ ਸਾਹਿਬਜ਼ਾਦਿਆਂ ਦੀ ਕੁਰਬਾਨੀ ਹੀ ਹੈ ਜਿਸ ਨੇ ਸਿਖ ਲਹਿਰ ਨੂੰ 'ਸਿੰਘ ਲਹਿਰ' ਬਣਾ ਕੇ ਇਨਕਲਾਬੀ ਰਸਤੇ ਪਾਇਆ। ਬਾਬਾ ਬੰਦਾ ਬਹਾਦਰ ਪਾਸ ਕੋਈ ਵੀ ਐਸਾ ਸਾਜ਼ੋ-ਸਮਾਨ ਨਹੀਂ ਸੀ ਜੋ ਪੰਜਾਬੀਆਂ ਨੂੰ ਹਲੂਣਾ ਦਿੰਦਾ। ਉਸ ਨੇ ਪੰਜਾਬ ਵਿਚ ਆ ਕੇ ਇਕੋ ਹੋਕਾ ਦਿੱਤਾ ਸੀ 'ਤੁਹਾਨੂੰ ਚਮਕੌਰ ਯਾਦ ਕਰਦਾ ਹੈ, ਤੁਹਾਨੂੰ ਸਰਹੰਦ ਸੱਦਾ ਦਿੰਦੀ ਹੈ, ਆਓ ! ਉਨ੍ਹਾਂ ਮਹਿਲਾਂ ਤੇ ਦੀਵਾਰਾਂ ਨੂੰ ਢਾਹੀਏ ਜਿਥੇ ਜ਼ਾਲਮ ਤੇ ਜਾਬਰ ਸ਼ਹਿਨਸ਼ਾਹੀਅਤ ਨੇ ਡੇਰਾ ਜਮਾਇਆ ਹੋਇਆ ਹੈ।' ਆਖਰ ਇਸ ਵੰਗਾਰ ਦਾ ਪੂਰਾ ਪੂਰਾ ਸਤਿਕਾਰ ਤੇ ਜੈ ਜੈ ਕਾਰ ਹੋਇਆ ਤੇ ਸ਼ਹੀਦੀਆਂ ਦੀ ਬਰਕਤ ਨਾਲ ਨਵੇਂ ਫਤਿਹਗੜ੍ਹ ਆਬਾਦ ਹੋਏ। ਇਹ ਅਤਿਕਥਨੀ ਨਹੀਂ ਕਿ ਇਹ ਸ਼ਹਾਦਤ ਨੇ ਸਾਡੇ ਇਤਿਹਾਸ ਨੂੰ ਸਹੀ ਪਾਸੇ ਤੁਰਨ ਲਈ ਸੁਚੱਜੀ ਤੇ ਸ਼ਕਤੀਸ਼ਾਲੀ ਅਗਵਾਈ ਦਿੱਤੀ ਹੈ ਤੇ ਸਿੱਖ ਸੰਗਤਾਂ ਸਦਾ ਹੀ ਇਸ ਨੂੰ ਦਿਲੋਂ ਮਨੋ ਸ਼ਰਧਾਂਜਲੀ ਅਰਪਣ ਕਰਦੀਆਂ ਆ ਰਹੀਆਂ ਹਨ।

ਇਸ ਕੁਰਬਾਨੀ ਨੇ ਗੈਰ ਸਿਖ ਹਲਕਿਆਂ ਵਿਚ ਵੀ ਕੁਝ ਘੱਟ ਪ੍ਰਭਾਵ ਨਹੀਂ ਪਾਇਆ। ਜੇਕਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਬੇਮਿਸਾਲ ਹੈ ਤਾਂ ਇਸ ਕੁਰਬਾਨੀ ਦੀ ਕਹਾਣੀ ਕਹਿਣ ਵਿਚ ਸ਼ਾਇਦ ਅੱਲ੍ਹਾ ਯਾਰ ਖ਼ਾਂ ਜੋਗੀ ਦੱਕਨੀ ਦੀ ਕਲਮ ਵੀ

ਬੇਮਿਸਾਲ ਹੈ ਜਿਸ ਨੇ ਇਸ ਸ਼ਹਾਦਤ ਦੇ ਸਾਕੇ ਨੂੰ ਬੜੀ ਸਿਦਕ-ਦਿਲੀ ਨਾਲ ਉਰਦੂ ਨਜ਼ਮਾਂ ਵਿਚ ਬਹੁਤ ਰੰਗ ਭਰ ਕੇ ਪੇਸ਼ ਕੀਤਾ।

ਪੰਜਾਹ ਕੁ ਵਰ੍ਹੇ ਤੋਂ ਉਤੇ ਸਮਾਂ ਹੋਇਆ ਜਦ ਇਸ ਸਿਦਕੀ ਸ਼ਾਇਰ ਨੇ 'ਗੰਜਿ ਸ਼ਹੀਦਾਂ' ਤੇ 'ਸ਼ਹੀਦਾਨਿ ਵਫ਼ਾ' ਦੇ ਉਰਦੂ ਕਿੱਸੇ ਲਿਖੇ ਸਨ, ਜੋ ਬਹੁਤ ਪੜ੍ਹੇ ਤੇ ਸਲਾਹੇ ਗਏ। ਇਹ ਸੱਚਮੁਚ ਹੀ ਟੁੰਬਣ ਵਾਲੇ ਤੇ ਡੂੰਘਾ ਪ੍ਰਭਾਵ ਪਾਉਣ ਵਾਲੇ ਸਨ। ਹੁਣ ਦਿਨ ਬਦਿਨ ਉਰਦੂ ਦਾ ਪ੍ਰਚਾਰ ਘਟ ਰਿਹਾ ਹੈ ਤੇ ਫਾਰਸੀ ਲਿਪੀ ਵੀ ਇਕ ਓਪਰੀ ਚੀਜ਼ ਬਣਦੀ ਜਾ ਰਹੀ ਹੈ। ਇਸ ਹਾਲਤ ਵਿਚ ਇਹੋ ਠੀਕ ਸਮਝਿਆ ਗਿਆ ਕਿ ਇਨ੍ਹਾਂ ਦੋਹਾਂ ਨਜ਼ਮਾਂ ਨੂੰ ਗੁਰਮੁਖੀ ਵਿਚ ਲਿਪਿਅੰਤਰ ਕਰਕੇ ਪਾਠਕਾਂ ਤਕ ਪਹੁੰਚਾਇਆ ਜਾਵੇ। ਮੁੱਢ ਵਿਚ ਸਾਹਿਬਜ਼ਾਦਿਆਂ ਸੰਬੰਧੀ ਕੁਝ ਦੁਰਲਭ ਇਤਿਹਾਸਕ ਜਾਣਕਾਰੀ ਵੀ ਸ਼ਾਮਲ ਕਰ ਦਿੱਤੀ ਗਈ ਹੈ।

ਪਿਆਰਾ ਸਿੰਘ ਪਦਮ

ਕਲਮ ਮੰਦਿਰ
ਪਟਿਆਲਾ
1967

ਚੌਥੀ ਛਾਪ

ਇਸ ਚੌਥੀ ਐਡੀਸ਼ਨ ਨੂੰ ਛਾਪਦਿਆਂ 'ਕਥਾ ਗੁਰੂ ਜੀ ਕੇ ਸੁਤਨ ਕੀ' (ਕ੍ਰਿਤ ਭਾਈ ਦੁਨਾ ਸਿੰਘ) ਦਾ ਪੂਰਾ ਪਾਠ ਦੇ ਦਿੱਤਾ ਗਿਆ ਹੈ ਜੋ ਕਿ ਸਿਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੇ ਖਰੜਾ ਨੰਬਰ 6045 ਵਿਚ ਦਰਜ ਸੀ ਪਰ ਪ੍ਰਕਾਸ਼ਤ ਨਹੀਂ ਸੀ। ਇਹ ਸਾਹਿਬਜ਼ਾਦਿਆਂ ਦੇ ਜੀਵਨ ਬਾਰੇ ਸ਼ਾਇਦ ਪਹਿਲੀ, ਸਮਕਾਲੀ ਲਿਖਤ ਹੈ।

ਜਨਵਰੀ 1988

ਇਹ ਸੱਤਵੀਂ ਛਾਪ ਪਾਠਕਾਂ ਦੇ ਪੇਸ਼ ਹੈ। 1998

ਸੰਪਾਦਕ

ਕੁਰਬਾਨੀ

ਜਉ ਤਉ ਪ੍ਰੇਮ ਖੇਲਣ ਕਾ ਚਾਉ । ਸਿਰ ਧਰਿ ਤਲੀ ਗਲੀ ਮੇਰੀ ਆਉ ।
ਇਤੁ ਮਾਰਗਿ ਪੈਰ ਧਰੀਜੈ । ਸਿਰ ਦੀਜੈ ਕਾਣਿ ਨ ਕੀਜੈ । [ਗੁਰੂ ਨਾਨਕ

ਸੂਰਾ ਸੋ ਪਹਿਚਾਨੀਏ ਜੋ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟਿ ਮਰੇ, ਕਬਹੂ ਨ ਛਾਡੈ ਖੇਤ । [ਕਬੀਰ

ਦਾਨਾ ਚੂੰ ਅੰਦਰ ਜ਼ਿਮੀਂ ਪਿਨਹਾਂ ਸ਼ਵਦ
ਸਿਰਰਿ ਊ ਸਰਸਬਜ਼ੀਏ ਬੁਸਤਾਂ ਸ਼ਵਦ । [ਮੌਲਾਨਾ ਰੂਮੀ

ਕਤਲਿ ਹੁਸੈਨ ਦਰਅਸਲ, ਮਰਗਿ ਯਜ਼ੀਦ ਥਾ
ਇਸਲਾਮ ਜ਼ਿੰਦਾ ਹੋਤਾ ਹੈ, ਹਰ ਕਰਬਲਾ ਕੇ ਬਾਦ । [ਇਕਬਾਲ

ਜਹਾਂ ਮੇਂ ਅਹਲਿ ਈਮਾਂ, ਮਿਸਲ ਖੁਰਸ਼ੀਦ ਜੀਤੇ ਹੈਂ ।
ਇਧਰ ਡੂਬੇ ਉਧਰ ਨਿਕਲੇ, ਉਧਰ ਡੂਬੇ ਇਧਰ ਨਿਕਲੇ । [ਇਕਬਾਲ

ਯਹ ਜਾਂ ਤੋ ਆਨੀ ਜਾਨੀ ਹੈ, ਇਸ ਜਾਂ ਕੀ ਤੋ ਕੋਈ ਬਾਤ ਨਹੀਂ
ਜਿਸ ਧਜ ਸੇ ਕੋਈ ਮਕਤਲ ਮੇਂ ਗਯਾ, ਵੁਹ ਸ਼ਾਨ ਸਲਾਮਤ ਰਹਤੀ ਹੈ। [ਫੈਜ਼

The measure of a life is not its duration
but its donation. [F.R. Miller

Self Sacrifice is the real miracle
out of which all the reported miracles grew. [Emerson

Death in a good cause is no punishment
but an honour. [Spinoza

'Heroism is the glorious concentration of courage,

'Liberty is both—a privilege and a test',

'This better to have fought and lost
than never to have fought at all',

ਚਾਰ ਸਾਹਿਬਜ਼ਾਦੇ

ਸੰਸਾਰ ਵਿਚ ਤਿੰਨ ਕਿਸਮ ਦੇ ਵਿਅਕਤੀ ਮਿਲਦੇ ਹਨ – ਇਕ ਉਹ ਜਿਨ੍ਹਾਂ ਦਾ ਪਿਤਾ ਪਿਤਾਮਾ ਮਹਾਨ ਹੋਇਆ ਹੈ, ਇਸ ਫ਼ਖ਼ਰ ਨਾਲ ਉਹ ਆਪਣੀ ਮਹਾਨਤਾ ਦਾ ਵੀ ਚਰਚਾ ਕਰ ਹੀ ਲੈਂਦੇ ਹਨ, ਦੂਜੇ ਉਹ ਲੋਕ ਹਨ ਜੋ ਖੁਦ ਕਿਸੇ ਖੇਤਰ ਵਿਚ ਮਹਾਨ ਹਨ ਭਾਵੇਂ ਉਹਨਾਂ ਦੇ ਪਿਤਾ, ਪਿਤਾਮਾ ਸਾਧਾਰਣ ਪਰਕਾਰ ਦੀ ਹੈਸੀਅਤ ਹੀ ਰੱਖਦੇ ਸਨ। ਤੀਜੀ ਕਿਸਮ ਦੇ ਮਨੁੱਖ ਉਹ ਹਨ ਜਿਨ੍ਹਾਂ ਦਾ ਪਿਤਾ ਪਿਤਾਮਾ ਤਾਂ ਮਹਾਨ ਨਹੀਂ ਸੀ, ਤੇ ਨਾ ਹੀ ਆਪਣੀ ਹੀ ਮਾਣ ਕਰਨ-ਜੋਗੀ ਸ਼ਖ਼ਸੀਅਤ ਹੁੰਦੀ ਹੈ ਪਰੰਤੂ ਉਹ ਆਪਣੇ ਸੁਯੋਗ ਸਪੁੱਤਰਾਂ ਸਦਕੇ ਇਕ ਗੌਰਵ ਜ਼ਰੂਰ ਅਨੁਭਵ ਕਰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਇਨ੍ਹਾਂ ਤਿੰਨਾਂ ਕਿਸਮਾਂ ਤੋਂ ਵਿਲੱਖਣ ਹੈ ਤੇ ਇਸ ਦੀ ਮਿਸਾਲ ਇਤਿਹਾਸ ਵਿਚ ਘੱਟ ਹੀ ਮਿਲਦੀ ਹੈ। ਜਿਥੇ ਉਹ ਆਪ ਅਨੇਕ-ਪੱਖੀ ਵਡਿਆਈ ਦੇ ਮਾਲਕ ਸਨ, ਉਥੇ ਉਨ੍ਹਾਂ ਦੇ ਪਿਤਾ ਪਿਤਾਮਾ ਯਾ ਦਾਦਾ ਪੜਦਾਦਾ ਤੱਕ ਵੀ ਕਲਾਧਾਰੀ ਮਹਾਂਪੁਰਖ ਸਨ। ਪੜਦਾਦਾ ਗੁਰੂ ਅਰਜਨ ਦੇਵ, ਮਹਾਨ ਕਵੀ ਤੇ ਕੁਰਬਾਨੀ-ਪੁੰਜ ਸਨ, ਦਾਦਾ ਗੁਰੂ ਹਰਿਗੋਬਿੰਦ ਤੇਗ ਦੇ ਧਨੀ ਸਨ ਤੇ ਪਿਤਾ ਗੁਰੂ, ਤਿਆਗ ਵੈਰਾਗ ਅਤੇ ਬਲੀਦਾਨ ਦੀ ਸਾਮਰਤੱਖ ਮੂਰਤਿ ਸਨ। ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਵਿਅਕਤਿੱਤਵ ਏਸ ਵਿਰਾਸਤ ਦਾ ਸੰਗਮ ਸਿੱਧ ਹੋਇਆ। ਜਿਥੇ ਉਹ ਪੜਦਾਦੇ ਵਾਂਗ ਵਿਦਵਾਨ ਕਵੀ ਸਨ, ਉਥੇ ਦਾਦੇ ਵਾਂਗ ਮਹਾਨ ਤਲਵਾਰੀਏ ਵੀ ਸਨ ਤੇ ਪਿਤਾ ਵਾਂਗ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਉਤਸ਼ਾਹ-ਭਰਪੂਰ ਸਨ। ਫਿਰ ਇਸ ਤੋਂ ਵੀ ਅੱਗੇ ਕਮਾਲ ਦੀ ਗੱਲ ਇਹ, ਆਪ ਦੇ ਚਾਰੇ ਸਪੁੱਤਰ ਵੀ ਕੁਰਬਾਨੀਆਂ ਦੇ ਸਦਕੇ ਇਤਨੇ ਮਹਾਨ ਸਿਧ ਹੋਏ ਕਿ ਤਵਾਰੀਖ਼ ਉਨ੍ਹਾਂ ਦੀ ਪ੍ਰਸ਼ੰਸਾ ਕਰਦੀ ਨਹੀਂ ਥੱਕਦੀ। ਇਹ ਗੱਲ ਗੁਰੂ ਸਾਹਿਬ

ਦੀ ਵਡਿਆਈ ਨੂੰ ਚਾਰ ਚੰਨ ਲਾਉਂਦੀ ਹੈ ਕਿ ਜਿਵੇਂ ਉਨ੍ਹਾਂ ਦੇ ਵਡੇਰਿਆਂ ਨੇ ਆਪਣੇ ਬਲੀਦਾਨ ਰਾਹੀਂ ਜ਼ਿੰਦਗੀ ਨੂੰ ਸਰਬਕਲਾ-ਸਮਰੱਥ ਬਣਾਇਆ, ਤਿਵੇਂ ਉਨ੍ਹਾਂ ਦੀ ਸੰਤਾਨ ਦੀ ਕੁਰਬਾਨੀ ਨੇ ਵੀ ਧਾਰਮਿਕ ਸੁਤੰਤਰਤਾ ਤੇ ਮਨੁੱਖੀ ਸਵੈਮਾਨ ਨੂੰ ਸ਼ਕਤੀ ਪ੍ਰਦਾਨ ਕੀਤੀ। ਇਉਂ ਦੇਖਿਆਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੈਸੀਅਤ ਪੂਰਬ-ਅਧਿਕਾਰੀ ਤੇ ਉਤਰ-ਅਧਿਕਾਰੀ—ਦੋਹਾਂ ਪਾਸਿਆਂ ਵਲੋਂ ਚਮਤਕਾਰ-ਭਰੀ ਤੇ ਅਤਿਅੰਤ ਉਚੇਰੀ ਹੈ।

ਸਿੱਖ ਧਰਮ ਤੋਂ ਪਹਿਲਾਂ ਗ੍ਰਿਸਤੀ ਜੀਵਨ ਨੂੰ ਅਧਿਆਤਮਕ ਖੇਤਰ ਵਿਚ ਇਤਨਾ ਮਾਣ ਹਾਸਲ ਨਹੀਂ ਸੀ। ਆਮ ਤੌਰ ਤੇ ਇਹੋ ਖਿਆਲ ਕੀਤਾ ਜਾਂਦਾ ਸੀ ਕਿ ਆਤਮਕ ਉੱਚਤਾ ਲਈ ਸੰਸਾਰੀ ਜੀਵਨ ਦਾ ਤਿਆਗ ਹੀ ਜ਼ਰੂਰੀ ਹੈ, ਪ੍ਰਾਚੀਨ ਭਾਰਤੀ ਵਿਚਾਰਧਾਰਾ ਇਸ ਤੇ ਲੋੜ ਤੋਂ ਵੱਧ ਜ਼ੋਰ ਦਿੰਦੀ ਰਹੀ, ਚਾਹੇ ਮਨੂ, ਚਾਹੇ ਬੁਧ, ਚਾਹੇ ਸ਼ੰਕਰ, ਚਾਹੇ ਗੋਰਖ ਕੋਈ ਵੀ ਮਹਾਂਪੁਰਸ਼ ਹੋਇਆ, ਸਭ ਨੇ ਬਿਰਕਤੀ ਨੂੰ ਵਧੇਰੇ ਮਹੱਤਵ ਦਿੱਤਾ। ਪਰੰਤੂ ਗੁਰੂ ਸਾਹਿਬ ਕੁਦਰਤੀ ਜੀਵਨ ਦਾ ਵਿਰੋਧ ਕਰਨ ਲਈ ਰਾਜ਼ੀ ਨਹੀਂ ਸਨ, ਇਸ ਲਈ ਉਨ੍ਹਾਂ ਗ੍ਰਿਸਤੀ ਜੀਵਨ ਦੇ ਸਤਿਕਾਰ ਨੂੰ ਵਧਾਇਆ, ਬਾਣੀ ਵਿਚ ਇਸ ਦੀ ਵਡਿਆਈ ਕਰਕੇ ਹੀ ਨਹੀਂ ਸਗੋਂ ਆਪ ਗ੍ਰਿਸਤੀ ਜੀਵਨ ਬਸਰ ਕਰਕੇ ਵੀ। ਗੁਰੂ ਨਾਨਕ ਸਾਹਿਬ ਨੇ ਜਿਥੇ ਇਸਤਰੀ ਜਾਤੀ ਦੀ ਵਕਾਲਤ ਕੀਤੀ, ਉਥੇ ਗ੍ਰਿਸਤੀ ਗੁਰਮੁਖਾਂ ਦੇ ਉਚੇਚੇ ਤੌਰ ਤੇ ਗੁਣ ਗਾਏ—

ਇਕਿ ਗਿਰਹੀ ਸੇਵਕ ਸਾਧਿਕਾ, ਗੁਰਮਤੀ ਲਾਗੇ।
ਨਾਮੁ ਦਾਨੁ ਇਸਨਾਨੁ ਦ੍ਰਿੜੁ, ਹਰਿ ਭਗਤ ਸੁ ਜਾਗੇ।

[ਆਸਾ ਕਾਫ਼ੀ, ਮ. ੧

'ਸਕਲ ਧਰਮ ਮੇਂ ਗ੍ਰਿਸਤ ਪ੍ਰਧਾਨ ਹੈ' ਦਾ ਨਾਅਰਾ ਦੇਣਾ ਸਿਖ ਗੁਰੂਆਂ ਦਾ ਹੀ ਕੰਮ ਸੀ। ਆਖਰ ਕਰਮਯੋਗੀ ਜੀਵਨ ਛੱਡ ਕੇ ਵਿਹਲੜ ਬਣਨਾ ਸਮਾਜ ਲਈ ਸੁਖਦਾਈ ਨਹੀਂ ਸੀ ਹੋ ਸਕਦਾ ਤੇ ਨਾ ਹੀ ਇਸ ਨਾਲ ਵਿਅਕਤੀ ਦਾ ਪੂਰਨ ਵਿਕਾਸ ਹੀ ਸੰਭਵ ਸੀ। ਇਸ ਲਈ ਸਿਖੀ ਨੇ ਗ੍ਰਿਸਤੀ ਜੀਵਨ ਨੂੰ ਵਡਿਆਇਆ ਤੇ ਇਸ ਨੂੰ ਨਿਭਾਇਆ ਵੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰਿਸਤ ਵਿਚ ਰਹਿੰਦਿਆਂ ਸਿੱਖਾਂ ਨੂੰ ਨਿਰਲੇਪਤਾ ਦਾ ਪਾਠ ਪੜ੍ਹਾਇਆ—

ਰੇ ਮਨ! ਐਸੋ ਕਰਿ ਸੰਨਿਆਸਾ
ਬਨ ਸੇ ਸਦਨ ਸਬੈ ਕਰਿ ਸਮਝਹੁ
ਮਨ ਹੀ ਮਾਹਿ ਉਦਾਸਾ।

[ਰਾਮਕਲੀ ੧੦

ਗੁਰੂ ਸਾਹਿਬ ਨੇ ਆਪਣੇ ਸਾਮ੍ਹਣੇ ਆਪਣੇ ਸਪੁੱਤਰਾਂ ਦੇ ਬਲੀਦਾਨ ਰਾਹੀਂ, ਇਸ ਨਿਰਲੇਪਤਾ ਦਾ ਪ੍ਰਮਾਣ ਦਿੱਤਾ। ਸਤਿਗੁਰਾਂ ਦਾ ਜੀਵਨ, ਰਾਜ-ਜੋਗੀ ਜੀਵਨ ਸੀ, ਜਿਸ ਨੂੰ ਭਾਈ ਨੰਦ ਲਾਲ ਵਰਗੇ ਵਿਦਵਾਨ ਕਵੀਆਂ 'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ' ਕਹਿ ਕੇ ਗਾਂਵਿਆ ਹੈ। ਉਨ੍ਹਾਂ ਦੀ ਸਮੁੱਚੀ ਜ਼ਿੰਦਗੀ ਇਸ ਦਰਵੇਸ਼ੀ ਤੇ ਬਾਦਸ਼ਾਹੀ ਯਾ ਰਾਜਯੋਗ ਦੀ ਜੀਊਂਦੀ-ਜਾਗਦੀ ਤਸਵੀਰ ਸੀ। ਜਦੋਂ ਅਸੀਂ ਇਤਿਹਾਸਕ ਤੌਰ ਤੇ ਇਸ ਗ੍ਰਿਸਤੀ ਜੀਵਨ ਦੀ ਰੂਪਰੇਖਾ ਦੇਖਦੇ ਹਾਂ ਤਾਂ ਆਪ ਦੇ ਤਿੰਨ ਮਹਲਾਂ ਦਾ ਜ਼ਿਕਰ ਮਿਲਦਾ ਹੈ।

1. ਸ੍ਰੀ ਜੀਤੋ ਜੀ-ਪਿਤਾ ਹਰਿਜਸ, ਸੁਭਿੱਖੀ ਖਤਰੀ, ਲਾਹੌਰ
2. ਸ੍ਰੀ ਸੁੰਦਰੀ ਜੀ-ਪਿਤਾ ਰਾਮਸਰਨ, ਕੁਮਰਾਵ ਖਤਰੀ, ਬੈਜਵਾੜਾ
3. ਸ੍ਰੀ ਸਾਹਿਬ ਦੇਵਾਂ-ਪਿਤਾ ਰਾਮੂ, ਰਿਖਰਾਵ ਖਤਰੀ, ਰੁਹਤਾਸ

ਕੁਝ ਲੇਖਕਾਂ ਏਸ ਗੱਲੋਂ ਡਰ ਕੇ ਕਿ ਗੁਰੂ ਸਾਹਿਬ ਦੀਆਂ ਇਕ ਤੋਂ ਵੱਧ ਸ਼ਾਦੀਆਂ ਮੁਨਾਸਬ ਨਹੀਂ ਜਾਪਦੀਆਂ, ਇਹ ਸਿੱਧ ਕਰਨ ਦਾ ਜਤਨ ਕੀਤਾ ਹੈ ਕਿ ਦਰਅਸਲ ਇਕੋ ਸ਼ਾਦੀ ਸੀ ਤੇ ਮਾਤਾ ਜੀਤੋ ਜੀ ਦਾ ਦੂਜਾ ਨਾਮ ਸੁੰਦਰੀ ਸੀ, ਜਿਵੇਂ ਕਿ ਪੇਕੇ ਘਰ ਤੇ ਸਹੁਰੇ ਘਰ ਵਿਚ ਦੋ ਨਾਮ ਹੋ ਜਾਂਦੇ ਹਨ। ਪਰ ਇਤਿਹਾਸਕ ਕਸਵੱਟੀ ਤੇ ਇਹ ਗੱਲ ਠੀਕ ਨਹੀਂ ਉਤਰਦੀ। ਹਕੀਕਤ ਇਹ ਹੈ ਕਿ ਗੁਰੂ ਸਾਹਿਬ ਦੀਆਂ ਦੋ ਸ਼ਾਦੀਆਂ ਸਨ ਜੀਤੋ ਜੀ ਤੇ ਸੁੰਦਰੀ ਜੀ· ਇਹਨਾਂ ਦੇ ਮਾਪੇ ਤੇ ਘਰਾਣਾ ਵੱਖ-ਵੱਖ ਮਿਲਦਾ ਹੈ ਤੇ ਫਿਰ ਦੋਹਾਂ ਮਹਲਾਂ ਦੀ ਸਮਾਧ ਵੀ ਅੱਡ-ਅੱਡ ਮੌਜੂਦ ਹੈ। ਦਰਅਸਲ ਪਿਤਾ ਗੁਰੂ ਤੇਗ ਬਹਾਦਰ ਦੇ ਹੁੰਦਿਆਂ ਹੀ ਜੀਤੋ ਜੀ ਵਾਲਾ ਰਿਸ਼ਤਾ 15 ਜੇਠ 1730 ਬਿ: ਨੂੰ ਹੋ ਗਿਆ ਸੀ। ਸ਼ਾਦੀ, 1737 ਬਿ: ਵਿਚ ਹੋਈ, ਗੁਰੂ ਕਾ ਲਾਹੌਰ ਰਚਾ ਕੇ। ਜੀਤੋ ਜੀ ਦਾ ਦੇਹਾਂਤ 6 ਪੋਹ 1757 ਬਿ: ਨੂੰ ਹੋਇਆ, ਸਮਾਧ ਅਨੰਦਪੁਰ ਲਾਗੇ ਅਗੰਮਪੁਰ ਹੈ। ਭਾਈ ਕਾਨ੍ਹ ਸਿੰਘ ਜੀ ਨੇ ਦੇਹਾਂਤ ਦੀ ਮਿਤੀ 13 ਅੱਸੂ ਲਿਖੀ ਹੈ। ਸ੍ਰੀ ਸੁੰਦਰੀ ਜੀ ਦਾ ਰਿਸ਼ਤਾ 3 ਵਿਸਾਖ 1741 ਬਿ: ਨੂੰ ਬੈਜਵਾੜਾ ਜ਼ਿਲਾ ਹੁਸ਼ਿਆਰਪੁਰ ਵਿਚ ਹੋਇਆ, ਕਈਆਂ 24 ਹਾੜ 1743 ਬਿ: ਲਿਖਿਆ ਹੈ ਤੇ ਦੇਹਾਂਤ ਇਕਾਦਸੀ 1804 ਬਿ: ਨੂੰ ਦਿਲੀ। ਮਾਤਾ ਸੁੰਦਰੀ ਜੀ ਨੇ ਜੀਵਨ ਦਾ ਆਖਰੀ ਸਮਾਂ ਲਗਭਗ 35-40 ਸਾਲ ਦਿੱਲੀ ਗੁਜ਼ਾਰਿਆ। ਕੁਝ ਅਰਸਾ ਮਥਰਾ ਤੇ ਬੁਰਹਾਨਪੁਰ ਵੀ ਰਹੇ· ਇਹ ਸਾਰਾ ਸਮਾਂ ਸੰਕਟ-ਕਾਲ ਸੀ। ਆਪ ਵਲੋਂ ਸੰਗਤ ਦੇ ਨਾਮ ਲਿਖੇ ਕਈ ਹੁਕਮਨਾਮੇ ਵੀ ਸਾਨੂੰ ਮਿਲਦੇ ਹਨ।

ਤੀਜੇ ਮਹਲ ਸਾਹਿਬ ਦੇਵਾਂ ਜੀ ਆਖੇ ਜਾਂਦੇ ਹਨ, ਇਹਨਾਂ ਦੇ ਪਿਤਾ ਭਾਈ ਰਾਮੂ (ਖਿਖਰਾਵ ਗੋਤ) ਰੁਹਤਾਸ ਵਾਸੀ ਸਨ। ਇਨ੍ਹਾਂ ਖ਼ੁਦ 5 ਸਾਵਣ 1758 ਬਿ: ਨੂੰ ਆਪਣੀ ਲੜਕੀ ਸਤਿਗੁਰਾਂ ਦੇ ਸਮਰਪਣ ਕੀਤੀ ਪਰ ਗੁਰੂ ਸਾਹਿਬ ਨੇ ਸ਼ਾਦੀ ਕਰਨਾ ਪਰਵਾਨ ਨਹੀਂ ਕੀਤਾ। ਪਰੰਤੂ ਮਾਪਿਆਂ ਅਤੇ ਲੜਕੀ ਦਾ ਦ੍ਰਿੜ੍ਹ ਸੰਕਲਪ ਦੇਖ ਕੇ ਆਪ ਨੇ ਇਸ ਨੂੰ 'ਚਰਣ ਸ਼ਰਣ' ਵਿਚ ਰਹਿਣ ਦੀ ਆਗਿਆ ਦੇ ਦਿੱਤੀ ਤੇ ਇਹ 'ਕੁਆਰਾ ਡੋਲਾ' ਕਹਿ ਕੇ ਯਾਦ ਕੀਤਾ ਜਾਂਦਾ ਰਿਹਾ ਅਤੇ ਪਿਛੋਂ ਖਾਲਸੇ ਨੂੰ ਮਾਤਾ ਸਾਹਿਬ ਕੌਰ ਦੀ ਝੋਲੀ ਪਾ ਕੇ ਨਿਵਾਜਿਆ ਗਿਆ। ਗੁਰੂ ਸਾਹਿਬ ਨੇ ਸਾਹਿਬ ਦੇਵਾਂ ਨੂੰ ਦੱਖਣ ਤੋਂ ਵਾਪਸ ਭੇਜਦਿਆਂ ਪੰਜ ਸ਼ਸਤ੍ਰ—ਖੰਡਾ, ਖੰਜਰ, ਤਲਵਾਰ ਤੇ ਦੋ ਕਟਾਰਾਂ ਦਿਤੀਆਂ ਸਨ ਜੋ ਅੱਜ ਗੁਰਦੁਆਰਾ ਰਕਾਬ ਗੰਜ (ਦਿੱਲੀ) ਵਿਚ ਸੁਰੱਖਿਅਤ ਹਨ। ਸਾਹਿਬ ਦੇਵਾਂ ਮਾਤਾ ਸੁੰਦਰੀ ਜੀ ਨਾਲ ਰਹੇ ਤੇ ਇਥੇ ਹੀ ਇਹਨਾਂ ਦਾ ਦੇਹਾਂਤ 1788 ਬਿ. ਵਿਚ ਹੋਇਆ। ਸਮਾਧ ਗੁਰਦੁਆਰਾ ਬਾਲਾ ਸਾਹਿਬ ਪਾਸ ਦਿੱਲੀ ਹੈ।

ਸਾਹਿਬਜ਼ਾਦੇ

ਜਦੋਂ ਗੁਰੂਆਂ ਨੂੰ 'ਸੱਚਾ ਪਾਤਸ਼ਾਹ' ਨਾਂ ਨਾਲ ਯਾਦ ਕੀਤਾ ਜਾਵੇ ਤਾਂ ਜ਼ਰੂਰੀ ਸੀ ਕਿ ਉਹਨਾਂ ਦੀ ਲਾਇਕ ਸੰਤਾਨ ਨੂੰ ਵੀ ਅਜੇਹੇ ਉਚੇ ਤੇ ਮਾਨਯੋਗ ਸ਼ਬਦਾਂ ਨਾਲ ਬੁਲਾਇਆ ਜਾਂਦਾ। ਇਸ ਕਰਕੇ ਸਿਖ ਸੰਗਤਾਂ ਵਿਚ ਆਦਰ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਪੁੱਤਰਾਂ ਨੂੰ 'ਚਾਰ ਸਾਹਿਬਜ਼ਾਦੇ' ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਖਾਸ ਕਰਕੇ ਇਹਨਾਂ ਦੀ ਕੁਰਬਾਨੀ-ਭਰਪੂਰ ਕਰਣੀ, ਇਸ ਵਡਿਆਈ ਲਈ ਜ਼ਿੰਮੇਵਾਰ ਹੈ। ਇਹਨਾਂ ਦੇ ਨਾਮ, ਪਿਤਾ ਸਤਿਗੁਰੂ ਦੀ ਬੀਰ-ਰਸੀ ਤੇ ਜੇਤੂ ਬਿਰਤੀ ਦੇ ਲਖਾਇਕ ਹਨ।

ਬਾਬਾ ਅਜੀਤ ਸਿੰਘ

ਆਪ ਦਾ ਜਨਮ ਮਾਤਾ ਸੁੰਦਰੀ ਜੀ ਦੀ ਕੁੱਖੋਂ ਪਾਉਂਟਾ ਸਾਹਿਬ ਵਿਖੇ 29 ਮਾਘ 1743 ਬਿ. ਨੂੰ ਹੋਇਆ ਅਤੇ ਸ਼ਹੀਦੀ 17 ਮਾਘ 1762 ਬਿ. ਨੂੰ ਚਮਕੌਰ ਸਾਹਿਬ ਵਿਚ ਹੋਈ।

ਬਾਬਾ ਜੁਝਾਰ ਸਿੰਘ

ਆਪ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ, ਚੇਤ ਵਦੀ ਦਸਮੀ 1747 ਬਿ. ਨੂੰ ਅਨੰਦਪੁਰ ਤੇ ਸ਼ਹੀਦੀ ਚਮਕੌਰ ਸਾਹਿਬ ਹੋਈ।

ਬਾਬਾ ਜ਼ੋਰਾਵਰ ਸਿੰਘ

ਆਪ ਦਾ ਜਨਮ ਮੱਘਰ ਸੁਦੀ 3, 1753 ਬਿ. ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਅਨੰਦਪੁਰ ਵਿਚ ਹੋਇਆ ਤੇ ਸ਼ਹੀਦੀ 3 ਪੋਹ 1762 ਨੂੰ ਸਰਹੰਦ ਹੋਈ।

ਬਾਬਾ ਫਤਹਿ ਸਿੰਘ

ਆਪ ਦਾ ਜਨਮ ਫੱਗਣ ਸੁਦੀ ਇਕਾਦਸੀ 1755 ਬਿ. ਨੂੰ ਜੀਤੋ ਜੀ ਦੀ ਕੁੱਖੋਂ ਅਨੰਦਪੁਰ ਹੋਇਆ ਅਤੇ ਸ਼ਹੀਦੀ ਸਰਹੰਦ ਹੋਈ।

ਚੂੰਕਿ ਦੋ ਦੋ ਸਾਹਿਬਜ਼ਾਦੇ ਇਕੱਠੇ ਸ਼ਹੀਦ ਹੋਏ, ਇਸ ਕਰਕੇ ਇਨ੍ਹਾਂ ਨੂੰ 'ਵੱਡੇ ਸਾਹਿਬਜ਼ਾਦੇ' ਤੇ 'ਛੋਟੇ ਸਾਹਿਬਜ਼ਾਦੇ' ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਲਾਸਾਨੀ ਕੁਰਬਾਨੀ ਦੇ ਕਾਰਣ 'ਬਾਬਾ' ਪਦ ਨਾਲ ਵੀ ਸਨਮਾਨਿਆ ਜਾਂਦਾ ਅਤੇ ਅਰਦਾਸ ਸਮੇਂ ਇਨ੍ਹਾਂ ਦਾ ਨਾਮ ਸ਼ਰਧਾ ਸਤਿਕਾਰ ਨਾਲ ਲਿਆ ਜਾਂਦਾ ਹੈ।

(1) ਬਾਬਾ ਅਜੀਤ ਸਿੰਘ

ਸ੍ਰੀ ਅਜੀਤ ਸਿੰਘ ਗੁਰੂ ਸਾਹਿਬ ਦੇ ਵੱਡੇ ਸਪੁੱਤਰ ਸਨ. ਤੇ ਮਾਤਾ ਸੁੰਦਰੀ ਜੀ ਦੇ ਇਕੋ ਇਕ ਹੋਣਹਾਰ ਸਨ। 'ਸ੍ਰੀ ਗੁਰੂ ਸ਼ੋਭਾ' ਵਿਚ ਸੈਣਾ ਸਿੰਘ ਨੇ ਇਨ੍ਹਾਂ ਦਾ ਨਾਮ 'ਰਣਜੀਤ ਸਿੰਘ' ਯਾ 'ਜੀਤ ਸਿੰਘ' ਕਰਕੇ ਲਿਖਿਆ ਹੈ ਅਤੇ ਭਾਈ ਕੇਸਰ ਸਿੰਘ ਛਿੱਬਰ ਨੇ ਵੀ 'ਜੀਤ ਸਿੰਘ' ਨਾਮ ਦਿਤਾ ਹੈ। ਪਿਛੋਂ ਦੇ ਇਤਿਹਾਸਕਾਰਾਂ ਇਸ ਨੂੰ ਅਜੀਤ ਸਿੰਘ ਕਰਕੇ ਪ੍ਰਸਿਧ ਕਰ ਦਿਤਾ ਤੇ ਹੁਣ ਇਹੋ ਪ੍ਰਚਲਤ ਹੈ।

ਸੈਣਾ ਸਿੰਘ ਲਿਖਦਾ ਹੈ—

ਤਾਹਿ ਸਮੇਂ ਕਾਰਣ ਕਰਣ, ਲੀਨੋ ਸਿੰਘ ਬੁਲਾਇ
ਕਹੀ 'ਸਿੰਘ ਰਣਜੀਤ' ਸੋਂ, ਦੂਤਨ ਦੇਹੁ ਸਜ਼ਾਇ। 28 । 500।

ਤਹਾਂ ਆਨਿ ਜੋਗਨਿ ਖਰੀ, ਨਾਰਦ ਵਾਵੈ ਤੂਰ।
'ਜੀਤ ਸਿੰਘ' ਰਣ ਮੈਂ ਮੰਡਿਓ, ਹੋਤ ਪਤ੍ਰ ਭਰਪੂਰ। 32।

ਕਰਤ ਮਾਰ ਚਾਰੋ ਦਿਸ਼ਾ, ਜੀਤ ਸਿੰਘ ਅਸਵਾਰ।
ਸਾਂਗ ਤਜੀ ਕਰ ਤੇ ਤਬੈ, ਗਹਿ ਲੀਨੀ ਕਰਵਾਰ। 40।

(ਸ੍ਰੀ ਗੁਰੂ ਸ਼ੋਭਾ)

ਭਾਈ ਕੇਸਰ ਸਿੰਘ ਲਿਖਦਾ ਹੈ—

ਗਜੈ ਸਿਘ ਰਾਜਾ ਪੰਮਾ ਵਜ਼ੀਰ, ਏਹੋ ਦੋਨੋ ਆਇ ਲੜੇ
ਜੀਤ ਸਿੰਘ ਜੀ, ਜੁਝਾਰ ਸਿੰਘ ਨਾਲ, ਸਿੰਘ ਪੈਂਤ੍ਰੀ ਰਹੇ ਖੜੇ ।562।
(ਦਸਵਾਂ ਚਰਣ, ਬੰਸਾਵਲੀਨਾਮਾ)

ਅਸੀਂ ਇਥੇ ਨਾਮ ਦੀ ਬਹਿਸ ਵਿਚ ਨਹੀਂ ਪੈਂਦੇ। ਪੁਰਾਤਨ ਹਵਾਲੇ 'ਜੀਤ ਸਿੰਘ' ਨਾਮ ਦੀ ਪੁਸ਼ਟੀ ਕਰਦੇ ਹਨ। ਹਾਂ, ਇਕ ਜੀਤ ਸਿੰਘ ਨਾਮ ਦਾ ਪਾਲਿਤ-ਪੁੱਤਰ ਵੀ ਸੀ ਜੋ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਪਿਛੋਂ ਮਾਤਾ ਸੁੰਦਰੀ ਜੀ ਨੇ ਮਮਤਾ-ਵੱਸ ਦਿਲੀ ਪਾਲਿਆ ਸੀ ਪਰ ਪਿਛੋਂ ਇਹ ਆਗਿਆਕਾਰ ਨਹੀਂ ਸੀ ਰਿਹਾ। ਇਸ ਨੂੰ ਸ਼ਿਕਾਰ ਦਾ ਸ਼ੌਕ ਸੀ ਤੇ ਸ਼ਸਤ੍ਰ-ਵਸਤ੍ਰ ਸਜਾ ਕੇ ਰਖਦਾ ਸੀ। ਇਕ ਵਾਰ ਕੋਈ ਬੇਨਵਾ ਫਕੀਰ ਪੈਸੇ ਪਿਆ ਮੰਗਦਾ ਸੀ ਤੇ ਇਸ ਦੇ ਸਾਥੀ ਸਵਾਰਾਂ ਉਸਨੂੰ ਮਾਰਿਆ ਕੁਟਿਆ ਤੇ ਆਖਰ ਉਹ ਮਰ ਗਿਆ। ਮੁਸਲਮਾਨਾਂ ਮੁਕੱਦਮਾ ਬਣਾਇਆ ਤੇ ਅਖੀਰ ਏਸ ਬਹਾਨੇ ਪਾਲਿਤ-ਪੁੱਤਰ ਜੀਤ ਸਿੰਘ ਨੂੰ 50-60 ਸਾਥੀ ਸਿੰਘਾਂ ਸਮੇਤ ਮਾਘ ਸੁਦੀ ਚੌਥ ਤੇ ਪੰਚਮੀ 1770 ਬਿ: ਨੂੰ ਦਿੱਲੀ ਸ਼ਹੀਦ ਕਰ ਦਿੱਤਾ। ਇਸ ਵਿਚ ਭਾਈ ਸਾਹਿਬ ਸਿੰਘ ਤੇ ਭਾ. ਚੌਪਾ ਸਿੰਘ ਵਰਗੇ ਬਜ਼ੁਰਗ ਸਿੱਖ ਵੀ ਸ਼ਾਮਿਲ ਸਨ। ਕੁਝ 'ਗੁਰ ਪ੍ਰਣਾਲੀਆਂ ਵਿਚ ਇਸ ਸਾਕੇ ਦਾ 22 ਫੱਗਣ 1775 ਬਿ: ਸਾਲ ਦਿੱਤਾ ਹੈ।' ਸਬਜ਼ੀ ਮੰਡੀ ਪਾਸ ਜੀਤ ਸਿੰਘ ਦਾ ਡੇਹਰਾ ਹੈ ਤੇ ਇਸ ਦੇ ਸ਼ਰਧਾਲੂਆਂ ਨੂੰ 'ਜੀਤੀ ਸੰਗਤ' ਨਾਂ ਨਾਲ ਪੁਕਾਰਿਆ ਜਾਂਦਾ ਹੈ। ਪਿਛੋਂ ਬਾਬਾ ਅਜੀਤ ਸਿੰਘ ਦਾ ਪੁੱਤਰ ਹਠੀ ਸਿੰਘ ਗੱਦੀ ਤੇ ਬੈਠਾ, ਜਿਸ ਦਾ ਡੇਹਰਾ ਬੁਰਹਾਨਪੁਰ ਹੈ। ਇਥੇ ਇਹ ਵੇਰਵਾ ਦੇਣ ਦਾ ਭਾਵ ਇਤਨਾ ਹੀ ਹੈ ਕਿ ਇਹ ਪਾਲਿਤ-ਪੁੱਤਰ ਜੀਤ ਸਿੰਘ ਵੱਖਰਾ ਸੀ।

ਗੁਰੂ ਸਾਹਿਬ ਦਾ ਵੱਡਾ ਸਾਹਿਬਜ਼ਾਦਾ ਅਜੀਤ ਸਿੰਘ ਬੜਾ ਕਰਮਯੋਗੀ ਤੇ ਬਹਾਦਰ ਸੂਰਬੀਰ ਸੀ, ਇਕ ਵਾਰ ਇਸ ਨੇ ਕੁਝ ਮਨਚਲੇ ਸਿੰਘ ਸਾਥੀ ਨਾਲ ਲੈ ਕੇ ਇਕ ਬ੍ਰਾਹਮਣੀ ਨੂੰ ਕਿਸੇ ਜਾਬਰ ਨਵਾਬ ਤੋਂ ਛੁਡਾਇਆ ਸੀ। ਭੱਟ ਵਹੀਆਂ ਵਿਚ ਭਾਈ ਸੇਵਾ ਸਿੰਘ ਬੁਰਹਾਨਪੁਰੀਏ ਦੀ ਸਪੁੱਤਰੀ ਤਾਰਾ ਬਾਈ ਨਾਲ ਮਾਘ ਸੁਦੀ ਏਕਮ 1761 ਬਿ: ਨੂੰ ਅਨੰਦਪੁਰ ਅਜੀਤ ਸਿੰਘ ਦਾ ਰਿਸ਼ਤਾ ਹੋਣਾ ਵੀ ਦਸਿਆ ਹੈ ਖ਼ੈਰ, ਇਸ ਦਾ ਆਮ ਇਤਿਹਾਸਾਂ ਵਿਚ ਜ਼ਿਕਰ ਨਹੀਂ। ਅਨੰਦਪੁਰ-ਤਿਆਗ ਸਮੇਂ

ਜਿਸ ਤਰ੍ਹਾਂ ਭਾਈ ਉਦੇ ਸਿੰਘ ਨਾਲ ਰਲ ਕੇ ਸਾਹਿਬਜ਼ਾਦਾ ਅਜੀਤ ਸਿੰਘ ਨੇ ਵਹੀਰ ਦੀ ਰਾਖੀ ਕੀਤੀ ਤੇ ਸਰਸਾ ਪਾਰ ਕੀਤਾ, ਇਹ ਵੀ ਇਕ ਬੀਰਤਾ-ਭਰੀ ਗਾਥਾ ਹੈ। ਅੰਤ ਚਮਕੌਰ ਦੇ ਮੈਦਾਨ ਵਿਚ 17 ਮੱਘਰ 1762 ਬਿ: ਨੂੰ ਸੂਰਮਿਆਂ ਵਾਂਗ ਸਨਮੁਖ ਲੜ ਕੇ ਸ਼ਹੀਦੀ ਪਾਈ। ਆਮ ਤੌਰ ਤੇ ਸਾਡੇ ਇਤਿਹਾਸਾਂ ਵਿਚ ਚਮਕੌਰ-ਯੁੱਧ ਦੀ ਤਰੀਕ 8 ਪੋਹ 1761 ਬਿ: ਦੱਸੀ ਜਾਂਦੀ ਹੈ ਪਰ ਇਹ ਤਰੀਕ ਤੇ ਸਾਲ ਦੋਵੇਂ ਠੀਕ ਨਹੀਂ। ਭਾਈ ਕੇਸਰ ਸਿੰਘ ਛਿੱਬਰ, ਗਿ: ਗਿਆਨ ਸਿੰਘ ਤੇ ਭਾਈ ਗੁਲਾਬ ਸਿੰਘ ਆਦਿ ਨੇ ਗੁਰ-ਪ੍ਰਣਾਲੀ ਵਿਚ 17 ਮੱਘਰ (ਮੱਘਰ ਸੁਦੀ ਤ੍ਰੌਦਸੀ) ਹੀ ਦਿੱਤਾ ਹੈ। ਇਸ ਦੀ ਪੁਸ਼ਟੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਫਰਨਾਮੇ ਤੋਂ ਵੀ ਹੋ ਜਾਂਦੀ ਹੈ ਜਦੋਂ ਕਿ ਆਪ ਕਹਿੰਦੇ ਹਨ —

ਚਰਾਗਿ ਜਹਾਂ ਚੂੰ ਸ਼ੁਦ ਬੁਰਕਾਪੋਸ਼
ਸ਼ਹਿ ਸ਼ਬ ਬਰਾਮਦ, ਹਮਾ ਜਲਵਾ ਜੋਸ਼ ।42।

ਅਰਥਾਤ ਜਦੋਂ ਸੂਰਜ ਛੁਪਿਆ ਤਾਂ ਚੰਦਰਮਾ ਪੂਰੇ ਜੋਬਨ ਨਾਲ ਚੜ੍ਹ ਕੇ ਆਇਆ। ਜਿਸ ਤੋਂ ਜ਼ਾਹਰ ਹੈ ਕਿ ਰਾਤ ਚੰਦ ਚਾਨਣੀ ਵਾਲੀ ਸੀ, ਜੇਕਰ 8 ਪੋਹ ਮੰਨੀਏ ਤਾਂ ਇਹ ਅੰਧੇਰੀ ਰਾਤ ਬਣਦੀ ਹੈ, ਜਿਸ ਵਿਚ ਚੰਦ੍ਰਮਾ ਦਾ ਅਜੇਹਾ ਠਾਠ ਨਹੀਂ ਹੁੰਦਾ। ਸੋ ਗੁਰੂ ਸਾਹਿਬ ਦਾ ਇਹ ਸੰਕੇਤ 17 ਮੱਘਰ ਦੀ ਪੁਸ਼ਟੀ ਕਰਦਾ ਹੈ, ਜਿਸ ਦਿਨ ਮੱਘਰ ਸੁਦੀ ਤ੍ਰੌਦਸੀ ਸੀ, ਇਸ ਦਾ ਕੁਝ ਇਤਿਹਾਸਕਾਰਾਂ ਸੰਕੇਤ ਵੀ ਕੀਤਾ ਹੈ।

(2) ਬਾਬਾ ਜੁਝਾਰ ਸਿੰਘ

ਜੁਝਾਰ ਸਿੰਘ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਚੇਤ੍ਰ ਵਦੀ ਦਸਮੀ 1747 ਬਿ: ਨੂੰ ਅਨੰਦਪੁਰ ਹੋਇਆ ਤੇ ਸ਼ਹੀਦੀ ਵੱਡੇ ਭਾਈ ਅਜੀਤ ਸਿੰਘ ਨਾਲ ਚਮਕੌਰ 17 ਮੱਘਰ 1762 ਬਿ: ਨੂੰ। ਕਰਤਾ 'ਸ੍ਰੀ ਗੁਰਸ਼ੋਭਾ' ਨੇ ਇਨ੍ਹਾਂ ਦੀ ਸ਼ਹੀਦੀ ਸਰਹੰਦ ਹੋਣੀ ਲਿਖੀ ਹੈ, ਸ਼ਾਇਦ ਉਸ ਨੂੰ ਜ਼ੋਰਾਵਰ ਸਿੰਘ ਨਾਂ ਨਾਲ ਭੁਲੇਖਾ ਲਗਾ ਹੈ। ਉਹ ਲਿਖਦਾ ਹੈ—

ਸਵੈਯਾ

ਜੋ ਦਲ ਮੈਂ ਦਲ ਬਾਕੀ ਰਹੇ, ਮਿਲਕੈ ਸਬ ਹੀ ਚਮਕੌਰ ਪੈ ਧਾਇ
ਸਾਹਿਬਜ਼ਾਦੇ ਲੀਏ ਗਹਿ ਕੈ, ਮਿਲਕੈ ਜਿਨ ਕੋ ਸਭ ਸੀਰੰਦ ਲਾਏ

ਭਾਰੀ ਸਵਾਲ 'ਜੁਝਾਰ' ਦਏ, ਸੁਨ ਕੇ ਸਬ ਦੂਤਨ ਅੰਗ ਪਿਰਾਏ
ਯੌਂ ਪ੍ਰਭੁ ਕੇ ਕਰਨੀ ਤਬਹੀ, ਦੋਊ ਜੂਝਤ ਹੀ ਪ੍ਰਭੁ ਲੋਕ ਸਿਧਾਏ ।
।73।545।

ਦੋਹਰਾ

ਧੰਨ ਧੰਨ ਗੁਰਦੇਵ ਸੁਤ, ਤਨ ਕੋ ਲੋਭ ਨਾ ਕੀਨ
ਧਰਮ ਰਾਖਿ ਕਲਿ ਮੋ ਗਏ, ਦਾਦੇ ਸੋ ਜਸ ਲੀਨ ।74।546।

ਫ਼ਤਹਿ ਸਿੰਘ ਜੁਝਾਰ ਸਿੰਘ, ਇਹ ਬਿਧਿ ਤਜੇ ਪ੍ਰਾਨ ।
ਪ੍ਰਗਟ ਭਏ ਤਿਹ ਲੋਕ ਮੈਂ, ਜਾਨਤ ਸਕਲ ਜਹਾਨ ।75।547।

ਇਸ ਲਿਖਤ ਤੋਂ ਕੁਝ ਖੋਜੀਆਂ ਇਹ ਰਾਇ ਵੀ ਬਣਾਈ ਹੈ ਕਿ ਜੁਝਾਰ ਸਿੰਘ ਸਰਹੰਦ ਸ਼ਹੀਦ ਕੀਤਾ ਗਿਆ ਸੀ ਤੇ ਚਮਕੌਰ ਇਕੱਲੇ ਅਜੀਤ ਸਿੰਘ ਜੀ ਦੀ ਸ਼ਹੀਦੀ ਹੀ ਹੋਈ ਸੀ । ਪਰ ਇਹ ਠੀਕ ਨਹੀਂ ਕਿਉਂਕਿ ਚਮਕੌਰ ਵਿਚ ਦੋ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜ਼ਿਕਰ ਇਕ ਪੁਰਾਤਨ ਫ਼ਾਰਸੀ ਲਿਖਤ 'ਜੰਗਨਾਮੇ' ਵਿਚ ਮੌਜੂਦ ਹੈ—

ਚਿ ਸ਼ੁਦ ਗਰ ਸ਼ਿਗਾਲ ਬ ਮਕਰੋ ਰਿਆ
ਹਮੀ ਕੁਸ਼ਤ ਦੋ ਬੱਚਹਾਏ ਸ਼ੇਰ ਰਾ । 14 ।

(ਜੰਗਨਾਮਾ)

ਇਸ ਤੋਂ ਇਲਾਵਾ 'ਅਹਿਕਾਮਿ ਆਲਮਗੀਰੀ' ਵਿਚ ਇਕ ਚਿਠੀ ਮੌਜੂਦ ਹੈ ਜੋ ਇਸ ਦੀ ਪੁਸ਼ਟੀ ਕਰਦੀ ਹੈ । ਬਾਦਸ਼ਾਹ ਔਰੰਗਜ਼ੇਬ ਦਾ ਮੁਨਸ਼ੀ ਇਨਾਇਤੁੱਲਾ ਖ਼ਾਂ ਇਸਮੀ, ਅਹਿਮਦਨਗਰ ਤੋਂ ਬਾਦਸ਼ਾਹ ਦੇ ਕਹਿਣ ਤੇ ਨਵਾਬ ਸਰਹੰਦ ਵਲ ਖ਼ਤ ਲਿਖਦਾ ਹੈ :

'ਤੁਹਾਡਾ ਉਹ ਖ਼ਤ ਮਿਲਿਆ ਜਿਸ ਵਿਚ ਨਾਨਕ-ਪ੍ਰਸਤ ਗੁਰੂ ਦਾ ਸਰਹੰਦ ਤੋਂ 12 ਕੋਹ ਦੀ ਵਿਥ ਤੇ ਉਤਰ ਆਉਣਾ, ਆਪ ਨੇ ਸਮੇਤ ਤੋਪਖਾਨੇ ਦੇ ਮਸਾਲੇ ਦੇ ਸੱਤ ਸੈ ਸਵਾਰ ਸਹਾਇਤਾ ਵਜੋਂ ਭੇਜਣਾ, ਉਸ ਬਿਪਤਾ-ਮਾਰੇ ਦਾ ਚਮਕੌਰ ਦੇ ਜ਼ਿਮੀਦਾਰ ਦੀ ਹਵੇਲੀ ਵਿਚ ਘਿਰ ਜਾਣਾ, ਉਸ ਦੇ ਦੋ ਪੁੱਤਰਾਂ ਤੇ ਹੋਰ ਸਾਥੀਆਂ ਦਾ ਮਾਰੇ ਜਾਣਾ, ਉਸ ਦੀ ਮਾਤਾ ਤੇ ਇਕ ਪੁੱਤਰ ਦਾ ਫੜੇ ਜਾਣਾ ਆਦਿ—

ਹੋਰ ਗੱਲਾਂ ਸ਼ਾਮਲ ਹਨ।'

'ਨਵਿਸ਼ਤਾ ਸ਼ਰੀਫ ਮੁਸ਼ਤਮਿਲ ਬਰਫਰੋਦ ਆਮਦਨ, ਗੋਬਿੰਦ ਨਾਨਕ-ਪ੍ਰਸਤ ਦਵਾਜ਼ਦਹ ਕੁਹੀਏ ਸਰਹੰਦ ਵ ਫਰਿਸਤਾਦਨ ਆਂ ਇਤਿਜ਼ਾਦਿ ਜਮੀਅਤ ਹਫਤ ਸਦ ਸਵਾਰ, ਬਮਸਾਲਾ ਤੋਪਖਾਨ੍ਹਾ ਵ ਮਹਸੂਰ ਸ਼ੁਦਨ ਆਂ ਮਕਰੂਹ ਦਰ ਹਵੇਲੀਏ ਜ਼ਿਮੀਦਾਰਿ ਸੰਜ਼ਅ ਚਮਕੌਰ ਵ ਬਕਤਲ ਰਸੀਦਨ, ਦੋ ਪਿਸਰ, ਵ ਦੀਗਰ ਰੁਫਕਾਇ ਊ ਵ ਦਸਤਗੀਰ ਸ਼ੁਦਨ, ਯਕ ਪਿਸਰ ਵ ਮਾਦਰਸ਼, ਦੀਗਰ, ਮਤਾਲਬ ਰਸ਼ੀਦ।

(ਅਹਿਕਾਮਿ ਆਲਮਗੀਰੀ, ਪੰਨਾ 11
ਮਿਰਜ਼ਾ ਇਨਾਇਤੁਲਾ ਖ਼ਾਂ ਇਸਮੀ)

ਭਾਈ ਕੇਸਰ ਸਿੰਘ ਦੀ ਗਵਾਹੀ ਵੀ ਬਹੁਮੁੱਲੀ ਹੈ। ਪਾਠਕਾਂ ਦੀ ਜਾਣਕਾਰੀ ਲਈ, ਇਹ ਟੂਕ ਵੀ ਇਥੇ ਦਿੰਦੇ ਹਾਂ—

ਲੜਦੇ ਭਿੜਦੇ ਜਾਇ ਚਮਕਉਰ ਵੜੇ
ਗਿਰਦੇ ਪਾਇ ਘੇਰਾ ਤੁਰਕ ਰਾਜੇ ਸਭ ਚੜ੍ਹੇ।560।

ਜੁੱਧ ਹੋਆ, ਲੋਕ ਦੋਹਾਂ ਤਰਫ਼ਾਂ ਦੇ ਮਾਰੇ
ਤੁਰਕਾਂ ਦੇ ਦੁਇ ਸਿਰਦਾਰ ਮਾਰਿ ਉਤਾਰੇ
ਦੂਜੇ ਦਿਨ ਜੀਤ ਸਿੰਘ ਜੀ ਜਾਇ ਪਏ
ਸਿੰਘ ਸੂਰਮੇ ਨਾਲਿ ਲੈ ਲਏ।561।

ਗਜੇ ਸਿੰਘ ਰਾਜਾ, ਪੰਮਾ ਵਜ਼ੀਰ ਏਹੁ ਦੋਨੋ ਆਇ ਲੜੇ
ਜੀਤ ਸਿੰਘ, ਜੁਝਾਰ ਸਿੰਘ ਜੀ, ਨਾਲਿ ਸਿੰਘ ਰਹੇ ਖੜੇ।
ਧੱਕਿ ਹਟਾਇਕੇ ਅੰਦਰ ਆਇ
ਇਕ ਸਿਖ ਲਗਾ ਬ੍ਰਾਹਮਨ ਦੱਤ, ਜੋ ਦਉੜਿ ਪਿਆ ਜਾਇ।562।

ਚੰਦਨ ਰਾਉ ਸਿੱਖ ਗੁਰੂ ਕਾ ਕਰਿ ਜੁਧ ਸੋ ਮਾਰਿਆ
ਹੋਆ ਮੁਕਤ, ਸਵਰਗ ਸਿਧਾਰਿਆ
ਫੇਰ ਤੀਜੇ ਦਿਨ ਜੁਝਾਰ ਸਿੰਘ ਜੀ ਪੰਝੀ ਸਿੰਘ ਨਾਲਿ ਲੈ ਆਏ
ਹੱਛੇ ਲੜੇ, ਤੁਰਕ ਰਾਜੇ ਮਾਰਿ ਹਟਾਏ।563।

ਮੁੜਿਆਂ ਉਪਰ ਰਾਜੇ ਮਾਰਿ ਆਇ ਪਏ,
ਸਿਖ ਲੜੇ ਪਰ ਜੁਝਾਰ ਸਿੰਘ ਜੀ ਸਵਰਗ ਨੂੰ ਗਏ।
ਪੰਦਰਾਂ ਸਿੰਘ ਲਾਸ਼ ਲੈ ਕੇ ਰਣ ਵਿਚੋਂ ਆਏ
ਸੋ ਕੀਤਾ ਸਿਸਕਾਰ, ਚਮਕਉੜਿ ਵਿਚ ਜਾਏ।564।
(ਬੰਸਾਵਲੀਨਾਮਾ 'ਹੱਥ-ਲਿਖਤ ਖਰੜਾ' ਨੰ: 102
ਖ਼ਾਲਸਾ ਕਾਲਜ ਲਾਇਬ੍ਰੇਰੀ, ਅੰਮ੍ਰਿਤਸਰ)

(3) ਬਾਬਾ ਜ਼ੋਰਾਵਰ ਸਿੰਘ

ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3, 1753 ਬਿ: ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਅਨੰਦਪੁਰ ਤੇ ਸ਼ਹੀਦੀ 3 ਪੋਹ 1762 ਬਿ: ਨੂੰ ਸਰਹੰਦ ਹੋਈ ਆਮ ਤੌਰ ਤੇ ਸਰਹੰਦ ਦੇ ਸਾਕੇ ਦੀ ਤਰੀਕ 13 ਪੋਹ ਦੱਸੀ ਜਾਂਦੀ ਹੈ ਜੋ ਠੀਕ ਨਹੀਂ ਕਿਉਂਕਿ ਪੁਰਾਤਨ ਲਿਖਤਾਂ ਵਿਚ 3 ਪੋਹ ਹੀ ਦਰਜ ਹੈ,* ਅਰਥਾਤ ਚਮਕੌਰ ਦੀ ਘਟਨਾ ਤੋਂ 15-16 ਦਿਨ ਪਿਛੋਂ। ਸੈਣਾ ਸਿੰਘ ਨੇ 'ਸ੍ਰੀ ਗੁਰ ਸ਼ੋਭਾ' ਵਿਚ ਜ਼ੋਰਾਵਰ ਸਿੰਘ ਨੂੰ ਚਮਕੌਰ ਦੀ ਭੂਮੀ ਵਿਚ ਲੜਾਇਆ ਹੈ ਤੇ ਫਿਰ ਗੁਰੂ ਸਾਹਿਬ ਦੇ ਦੱਖਣ ਪਿਆਨੇ ਸਮੇਂ 6 ਵਿਸਾਖ 1765 ਨੂੰ ਚਿਤੌੜ ਦੀ ਲੜਾਈ ਵਿਚ ਸ਼ਹੀਦ ਹੁੰਦਾ ਦਸਿਆ ਹੈ। ਇਥੇ ਲੇਖਕ ਨੂੰ ਥੋੜਾ ਜੇਹਾ ਭੁਲੇਖਾ ਲਗਾ ਜਾਪਦਾ ਹੈ। ਇਹ ਤਾਂ ਹੋ ਸਕਦਾ ਹੈ ਕਿ ਜ਼ੋਰਾਵਰ ਸਿੰਘ ਜੀ ਚਮਕੌਰ ਵਿਚ ਲੜੇ ਹੋਣ ਤੇ ਪਿਛੋਂ ਜ਼ਖਮੀ ਹਾਲਤ ਵਿਚ ਫੜ ਕੇ ਸਰਹੰਦ ਲਿਆਂਦੇ ਗਏ ਹੋਣ ਕਿਉਂਕਿ ਸਰਕਾਰੀ ਰਿਪੋਟ ਵਿਚ ਪਹਿਲੇ ਇਕ ਸਾਹਿਬਜ਼ਾਦੇ ਦੇ ਫੜੇ ਜਾਣ ਦਾ ਹੀ ਜ਼ਿਕਰ ਹੈ। ਸੰਭਵ ਹੈ, ਇਹ ਮਗਰੋਂ ਗ੍ਰਿਫ਼ਤਾਰ ਕਰਕੇ ਲਿਆਂਦੇ ਗਏ ਹੋਣ। ਅਸਲ ਗੱਲ ਇਹ ਹੈ ਕਿ ਜ਼ੋਰਾਵਰ ਸਿੰਘ ਨਾਮ ਦਾ ਇਕ ਤਰਖਾਣਾਂ ਦਾ ਬਾਲਕ ਹੋਰ ਸੀ, ਉਹ ਆਪਣੇ ਮਾਪਿਆਂ ਨਾਲ ਇਕ ਵਾਰ ਅਨੰਦਪੁਰ ਆਇਆ ਤੇ ਗੁਰੂ ਸਾਹਿਬ ਦੇ ਸਾਹਿਬਜ਼ਾਦੇ ਨਾਲ ਘੁਲਿਆ। ਉਹ ਢਾਹ ਗਿਆ ਤਾਂ ਗੁਰੂ ਸਾਹਿਬ ਨੇ ਪ੍ਰੇਮ ਨਾਲ ਕਿਹਾ, 'ਇਹ ਵੀ ਮੇਰਾ ਜ਼ੋਰਾਵਰ ਹੈ', ਉਸ ਸਮੇਂ ਇਸ ਦਾ ਸਨਮਾਨ ਵਧ ਗਿਆ। ਜਦੋਂ ਅਨੰਦਪੁਰ ਤਿਆਗਿਆ ਗਿਆ

---

*ਸਤਾਰਾਂ ਸੈ ਬਾਹਠ ਪੋਹ ਤੀਜੀ, ਵਾਰ ਮੰਗਲ ਥੋ
ਸਵਾ ਪਹਰ ਦਿਨ ਚੜ੍ਹੇ ਕਾਮ ਐਸੋ ਭਯੋ ਹੈ। (ਗੁਰਪ੍ਰਣਾਲੀ, ਗੁਲਾਬ ਸਿੰਘ)

ਤਾਂ ਇਹ ਵੀ ਕਿਧਰੇ ਇਧਰ ਉਧਰ ਚਲਿਆ ਗਿਆ ਤੇ ਪਿਛੋਂ ਗੁਰੂ ਸਾਹਿਬ ਦੀ ਸੂਹ ਕੱਢ ਕੇ ਆਗਰੇ ਲਾਗੇ ਆਪ ਨੂੰ ਮਿਲਿਆ, ਸੰਗਤ ਨੇ ਇਸ ਦੇ ਆਉਣ ਤੇ ਬਹੁਤ ਖੁਸ਼ੀ ਕੀਤੀ ਤੇ ਫਿਰ ਇਹ ਗੁਰੂ ਸਾਹਿਬ ਨਾਲ ਦੱਖਣ ਵਲ ਨਾਲ ਹੀ ਗਿਆ। ਜਦੋਂ ਚਿਤੌੜ ਪਹੁੰਚੇ ਤਾਂ ਇਹ ਆਪਣੇ ਸਾਥੀ ਭੁਜੰਗੀਆਂ ਸਮੇਤ ਕਿਲ੍ਹਾ ਦੇਖਣ ਗਿਆ ਪਰ ਕਿਲ੍ਹਾ ਦੇਖਣ ਦੀ ਮਨਾਹੀ ਸੀ। ਪਹਿਰੇਦਾਰਾਂ ਨਾਲ ਝਗੜਾ ਹੋ ਗਿਆ ਤੇ ਤਕੜੀ ਲੜਾਈ ਹੋਈ। ਇਸ ਟੱਕਰ ਵਿਚ ਇਹ ਪਾਲਿਤ-ਸਾਹਿਬਜ਼ਾਦਾ ਜ਼ੋਰਾਵਰ ਸਿੰਘ ਸ਼ਹੀਦ ਹੋ ਗਿਆ। ਹੁਣ ਇਸ ਜ਼ੋਰਾਵਰ ਸਿੰਘ ਦੀ ਸਮਾਧ ਖਿਦਰਾਬਾਦ ਜ਼ਿਲ੍ਹਾ ਅੰਬਾਲੇ ਵਿਚ ਹੈ ਤੇ ਲੋਕ ਇਸ ਦੀ ਤਕੜੀ ਪੂਜਾ ਮਾਨਤਾ ਕਰਦੇ ਹਨ।

ਇਹ ਵਿਥਿਆ ਅਸਾਂ ਇਸ ਲਈ ਲਿਖੀ ਹੈ ਤਾਂ ਕਿ ਸਾਰੀ ਗੱਲ ਸਪੱਸ਼ਟ ਹੋ ਜਾਵੇ। ਕਿਉਂਕਿ ਉਸ ਸਮੇਂ ਸਾਰੇ ਸਿਖ ਹੀ ਆਦਰ ਕਰਦੇ ਸਨ ਤੇ ਇਸ ਨੂੰ ਗੁਰੂ ਸਾਹਿਬ ਦਾ 'ਸਨਮਾਨਿਤ ਸਾਹਿਬਜ਼ਾਦਾ' ਹੀ ਮੰਨਦੇ ਹਨ। ਇਸ ਕਰਕੇ ਇਕ ਸਮਕਾਲੀ ਲੇਖਕ ਨੇ ਵੀ ਇਹੋ ਗੱਲ ਲਿਖੀ ਹੈ ਕਿ ਚਿਤੌੜ ਗੁਰੂ ਸਾਹਿਬ ਦਾ ਸਾਹਿਬਜ਼ਾਦਾ 50-60 ਸਾਥੀਆਂ ਸਮੇਤ ਸ਼ਹੀਦ ਹੋਇਆ। ਮੌਲਵੀ ਅਬਦੁਲ ਰਸੂਲ (1120 ਹਿਜਰੀ, ਬਮੁਕਾਮ ਬੁਰਹਾਨਪੁਰ) 'ਤ੍ਵਾਰੀਖਿ ਮੁਅੱਜ਼ਮਸ਼ਾਹ' ਵਿਚ ਲਿਖਦਾ ਹੈ :—

'ਗੁਰੂ ਗੋਬਿੰਦ ਦਾ ਪੁੱਤਰ ਕੇਹਰੀ ਸ਼ੇਰ ਵਾਂਗ ਮਗਜ਼ ਪਾੜ ਦੇਣ ਵਾਲੀ ਤੇਗ ਨਾਲ ਆਪਣੇ ਸਾਥੀਆਂ ਦੀ ਤਰ੍ਹਾਂ ਕਈ ਆਦਮੀਆਂ ਨੂੰ ਮਾਰ ਕੇ ਮੌਤ ਦੇ ਬਿਸਤਰੇ ਤੇ ਸੁਲਾ ਕੇ ਆਪ ਵੀ ਉਨ੍ਹਾਂ ਦੇ ਨਾਲ ਹੀ ਮੌਤ ਰਾਣੀ ਦੇ ਨਾਜ਼-ਭਰੇ ਸਿਰਹਾਣੇ ਉਤੇ ਸੌਂ ਗਿਆ।'

ਅਸਲ ਸ਼ਬਦ ਹਨ—

'ਪੂਰਿ ਗੁਰੂ ਗੋਬਿੰਦ ਚੂੰ ਸ਼ੇਰਿ ਤੁੰਦ ਬਸੈਫ ਮਗਜ਼-ਸ਼ਿਗਾਫ ਮਹਿੰਦ ਤਨੇ ਚੰਦ ਰਾ ਮਨਿੰਦ ਦਮ ਸਾਜ਼ਾਨ ਖ਼ੁਦ ਬਰ ਬਿਸਤਰਿ ਅਦਮ ਅੰਦਾਖਤਾ, ਖੁਦਮ ਦਰ ਪਹਲੂਏ ਆਂ ਹਾ ਬਰ ਨਾਜ਼ਿ ਬਾਲਿਸ਼ ਫਨਾਹ ਗ਼ਨੂਦ।'

ਇਸ ਸਬੰਧ ਵਿਚ ਅਸੀਂ ਇਹ ਦਲੀਲ ਵੀ ਦੁਹਰਾਉਣਾ ਚਾਹਾਂਗੇ ਕਿ ਜਦੋਂ ਗੁਰੂ ਸਾਹਿਬ ਨੇ ਦੀਨੇ ਕਾਂਗੜ ਦੇ ਮੁਕਾਮ ਤੋਂ 'ਜ਼ਫਰਨਾਮਾ' ਲਿਖਿਆ ਤਾਂ ਉਸ ਵਿਚ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜ਼ਿਕਰ ਕੀਤਾ ਹੈ—

'ਚਿਹਾਂ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ।'

ਜੇਕਰ ਜ਼ੋਰਾਵਰ ਸਿੰਘ ਜੀਊਂਦਾ ਹੁੰਦਾ ਤਾਂ ਆਪ ਇਉਂ ਨ ਲਿਖਦੇ। ਫਿਰ ਦੂਸਰੇ, ਜਦੋਂ ਮਾਤਾ ਸੁੰਦਰੀ ਨੇ ਪਾਲਿਤ-ਪੁੱਤਰ ਜੀਤ ਸਿੰਘ ਨੂੰ ਮੁਤਬੰਨਾ ਬਣਾਇਆ ਤਾਂ ਜੋ ਜ਼ੋਰਾਵਰ ਸਿੰਘ ਅਸਲ ਸਾਹਿਬਜ਼ਾਦਾ ਪਾਸ ਹੁੰਦਾ ਤਾਂ ਐਸਾ ਕਰਨ ਦੀ ਸ਼ਾਇਦ ਲੋੜ ਹੀ ਪ੍ਰਤੀਤ ਨਹੀਂ ਹੋਣੀ ਸੀ।

(4) ਬਾਬਾ ਫਤਹਿ ਸਿੰਘ

ਬਾਬਾ ਫਤਹਿ ਸਿੰਘ ਛੋਟੇ ਸਾਹਿਬਜ਼ਾਦੇ ਸਨ, ਇਹਨਾਂ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਫੱਗਣ ਸੁਦੀ ਏਕਾਦਸੀ 1755 ਬਿ: ਨੂੰ ਹੋਇਆ, ਸੱਤ ਸਾਲ ਦੀ ਉਮਰ ਵਿਚ ਸ਼ਹਾਦਤ ਦਿੱਤੀ। ਆਪ ਦੇ ਸ਼ਹੀਦੀ ਸਥਾਨ ਦਾ ਨਾਂ 'ਫਤਹਿਗੜ੍ਹ', ਪ੍ਰਸਿਧ ਹੈ। ਨਿਹੰਗ ਸਿੰਘਾਂ ਵਿਚ ਆਪ ਦਾ ਵਿਸ਼ੇਸ਼ ਆਦਰ ਹੈ। ਰਵਾਇਤ ਹੈ ਕਿ ਇਨ੍ਹਾਂ ਦੇ ਨਿੱਕੇ ਦੁਮਾਲੇ ਦੀ ਰੀਸ ਨਿਹੰਗਾਂ ਵਿਚ ਦੁਮਾਲਾ ਸਜਾਉਣ ਦਾ ਰਿਵਾਜ ਪਿਆ। ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਦੀ ਸ਼ਹੀਦੀ ਸਰਹੰਦ, 3 ਪੋਹ 1762 ਬਿ: ਨੂੰ ਹੋਈ ਸੀ। ਇਸ ਦਾ ਪੁਰਾਣਾ ਵਰਨਣ ਭਾਈ ਦੁੰਨਾ ਸਿੰਘ ਹੰਡੂਰੀਏ ਨੇ 'ਕਥਾ ਗੁਰੂ ਜੀ ਕੇ ਸੁਤਨ ਕੀ' ਵਿਚ ਕੀਤਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਚਮਕੌਰ ਦੀ ਜੰਗ ਸਮੇਂ ਦੋਵੇਂ ਸਾਹਿਬਜ਼ਾਦੇ, ਮਾਤਾ ਗੁਜਰੀ, ਇਕ ਦਾਸੀ ਅਤੇ ਭਾਈ ਦੁੰਨਾ ਸਿੰਘ—ਪੰਜੇ, ਕੁੰਮੇ ਮਾਸ਼ਕੀ ਦੇ ਘਰ ਚਮਕੌਰ ਠਹਿਰੇ ਹੋਏ ਸਨ ਜਿਥੇ ਕਿ ਇਕ ਲੱਛਮੀ ਨਾਮੀ ਬ੍ਰਾਹਮਣੀ ਇਹਨਾਂ ਨੂੰ ਰੋਟੀ ਪਾਣੀ ਖਲਾਉਂਦੀ ਰਹੀ। ਇਸ ਗੱਲ ਦਾ ਪਤਾ ਸਹੇੜੀ ਦੇ ਰਹਿਣ ਵਾਲੇ ਦੋ ਬ੍ਰਾਹਮਣ ਮਸੰਦਾਂ-ਦਰਬਾਰੀ ਤੇ ਧੂਮੇ ਨੂੰ ਲਗਾ, ਉਹ ਮਾਤਾ ਜੀ ਨੂੰ ਆਪਣੇ ਨਾਲ ਲੈ ਗਏ, ਪਰ ਖ਼ਰਜੀ ਦੇਖ ਕੇ ਉਨ੍ਹਾਂ ਦੀ ਨੀਅਤ ਬਦਲ ਗਈ। ਕਹਿਣ ਲਗੇ, 'ਅਸੀਂ ਅੱਗੇ ਨਹੀਂ ਜਾਂਦੇ, ਰੋਪੜ ਵਲ ਸ਼ਾਹੀ ਲਸ਼ਕਰ ਹੈ।' ਇਉਂ ਕਹਿ ਕੇ ਇਹ ਆਪਣੇ ਸਹੇੜੀ ਪਿੰਡ ਲੈ ਆਏ, ਰਾਤ ਨੂੰ ਖੁਰਜੀ ਲੁਕੋ ਦਿੱਤੀ ਤੇ ਮਾਤਾ ਜੀ ਦੇ ਪੁੱਛਣ ਤੇ ਝਗੜਨ ਲਗ ਪਏ। ਅਖੀਰ ਇਨ੍ਹਾਂ ਮਾਤਾ ਜੀ ਨੂੰ ਘਰੋਂ ਬਾਹਰ ਕਰ ਦਿੱਤਾ, ਗੱਲ ਨਿਕਲ ਗਈ। ਮੋਰੰਡੇ ਇਤਲਾਹ ਦੇ ਕੇ ਗ੍ਰਿਫਤਾਰ ਕਰਾ ਦਿੱਤਾ ਗਿਆ ਤੇ ਉਥੇ ਸੁੱਚਾ ਨੰਦ ਪੁਰੀ ਦੀ ਪ੍ਰੇਰਨਾ ਤੇ ਨਵਾਬ ਵਜ਼ੀਰ ਖ਼ਾਂ ਦੇ ਹੁਕਮ ਨਾਲ ਦੋਹਾਂ ਸਾਹਿਬਜ਼ਾਦਿਆਂ ਨੂੰ ਕਟਾਰ ਨਾਲ ਸ਼ਹੀਦ ਕੀਤਾ ਗਿਆ। ਮਾਤਾ ਵੈਸੇ ਪ੍ਰਾਣ ਤਿਆਗ ਗਈ ਤੇ ਪਿਛੋਂ ਟੋਡਰ ਮੱਲ ਕਪੂਰ ਨੇ ਸਤਿਕਾਰ ਨਾਲ ਇਹਨਾਂ ਸਭ ਦਾ ਸਸਕਾਰ ਕੀਤਾ, ਜਿਥੇ ਕਿ ਜੋਤੀ ਸਰੂਪ ਗੁਰਦੁਆਰਾ ਹੈ।

ਇਸ ਵਿਚ ਗੰਗੂ ਰਸੋਈਏ ਦਾ ਨਾਮ ਕਿਧਰੇ ਨਹੀਂ ਆਇਆ। ਹੋ ਸਕਦਾ ਹੈ ਕਿ ਇਹ ਸਹੇੜੀ ਦੇ ਬ੍ਰਾਹਮਣ ਧੂਮਾ ਤੇ ਦਰਬਾਰੀ ਵਿਚੋਂ ਹੀ ਕਿਸੇ ਦਾ ਨਾਮ-ਪਰਿਵਰਤਨ ਹੋ ਗਿਆ ਹੋਵੇ। ਨਾ ਹੀ 'ਖੇੜੀ' ਕੋਈ ਪਿੰਡ ਹੈ, ਜੋ ਕਿ ਆਮ ਦੁਹਰਾਇਆ ਜਾਂਦਾ ਹੈ। ਦਰਅਸਲ ਸਿਖ ਗੁੱਸੇ ਨਾਲ 'ਸਹੇੜੀ ਉਖੇੜੀ' ਕਿਹਾ ਕਰਦੇ ਸਨ ਤੇ ਉਸ ਤੋਂ 'ਖੇੜੀ' ਨਾਮ ਪ੍ਰਚਲਤ ਹੋਇਆ ਲਗਦਾ ਹੈ। ਹੁਣ ਵੀ ਇਸ ਪਿੰਡ ਦਾ ਨਾਂ ਸਹੇੜੀ ਹੀ ਹੈ। ਭਾਈ ਦੁੱਨਾ ਸਿੰਘ ਹੰਡੂਰੀਏ ਦੀ ਰਚਨਾ ਅਜੇ ਤਕ ਅਪ੍ਰਕਾਸ਼ਿਤ ਹੈ, ਵੇਰਵੇ ਤੋਂ ਇਹ ਲਗਦਾ ਹੈ ਕਿ ਇਹ ਉਸ ਸਮੇਂ ਮਾਤਾ ਜੀ ਨਾਲ ਚਮਕੌਰ ਸੀ। ਪਰ ਸ਼ਾਇਦ ਇਸ ਨੇ ਇਹ ਰਚਨਾ ਸਿੱਖ ਮਿਸਲਾਂ ਦੇ ਸਮੇਂ ਬਾਦ ਵਿਚ ਲਿਖੀ। ਅੰਤ ਵਿਚ ਕਵੀ ਲਿਖਦਾ ਹੈ —

ਗੁਰ ਅਸੰਗ ਸੰਗੀ ਨ ਸਿਖ, ਸੰਗ ਮਲੇਛਨ ਲੀਨ
ਜਸ ਰਾਖਿ ਗੁਰ ਧਰਮ ਕੀ, ਧੁਜਾ ਬਾਂਧਿ ਸਭ ਦੀਨ।122।
ਸਤਿਗੁਰ ਕੇ ਸਦ ਗ੍ਰਿਹਿ ਬਿਖੇ, ਝੰਡੇ ਝੂਲਤ ਨਿਸ਼ਾਨ
ਗਾਵਤ ਗਰਜਤ ਪ੍ਰੇਮ ਸੋਂ, ਸ੍ਰੀ ਗੁਰ ਸ਼ਬਦ ਨਿਧਾਨ।123।

ਇਨ੍ਹਾਂ ਸਤਰਾਂ ਤੋਂ ਪਰਗਟ ਹੈ ਕਿ ਜਦੋਂ ਮੁਗਲ ਰਾਜ ਦੀ ਅਧੋਗਤੀ ਹੋਈ ਤੇ ਤੁਰਕਾਂ ਦੇ ਘਰ ਸੋਗ ਦੇ ਦਿਨ ਆਏ ਤਾਂ ਸਿਖ ਇਨਕਲਾਬੀਆਂ ਨੇ ਸੁਤੰਤਰਤਾ ਦੇ ਝੰਡੇ ਝੁਲਾਏ। ਸੋ ਹੋ ਸਕਦਾ ਹੈ ਕਿ ਦੁੱਨਾ ਸਿੰਘ ਜਿਵੇਂ ਉਹ ਖ਼ੁਦ ਲਿਖਦਾ ਹੈ, ਸਾਹਿਬਜ਼ਾਦਿਆਂ ਦੇ ਨਾਲ ਹੀ ਹੋਵੇ, ਪਿਛੋਂ ਬੁਢਾਪੇ ਸਮੇਂ ਉਸ ਨੇ ਇਸ ਕਥਾ ਨੂੰ ਕਲਮਬੰਦ ਕੀਤਾ ਹੋਵੇ। ਜੋ ਵੇਰਵਾ ਉਹ ਦਿੰਦਾ ਹੈ, ਉਹ ਕਾਫ਼ੀ ਤਸੱਲੀ ਵਾਲਾ ਹੈ, ਖਾਸ ਕਰਕੇ ਚਮਕੌਰ ਤਕ ਪਹੁੰਚਣ ਦਾ। ਬਾਦ ਦੀ ਸਰਹੰਦ ਦੀ ਬੀਤੀ, ਸੁਣ ਕੇ ਲਿਖੀ ਜਾਪਦੀ ਹੈ। ਇਹ ਠੀਕ ਹੈ ਸ਼ਾਇਦ ਛੋਟੇ ਸਾਹਿਬਜ਼ਾਦਿਆਂ ਦੇ ਸਾਕੇ ਬਾਰੇ ਇਸ ਤੋਂ ਪੁਰਾਣੀ ਰਚਨਾ ਹੋਰ ਪ੍ਰਾਪਤ ਨਹੀਂ। ਇਹ ਸਿਖ ਰੈਫਰੈਂਸ ਲਾਇਬਰੇਰੀ ਦੇ ਖਰੜਾ ਨੰਬਰ 6049 ਵਿਚ ਅੰਕਿਤ ਸੀ ਤੇ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਸਮੇਂ (ਜੂਨ 1984 ਈ:) ਲਾਇਬਰੇਰੀ ਬੁਰੀ ਤਰ੍ਹਾਂ ਲੁੱਟੀ ਪੁੱਟੀ ਗਈ। ਇਸ ਦੀ ਇਕ ਨਕਲ ਮੈਂ ਪਹਿਲੇ ਉਤਾਰੀ ਹੋਈ ਸੀ, ਜੋ ਇਥੇ ਦਿੱਤੀ ਜਾ ਰਹੀ ਹੈ ਤਾਂ ਕਿ ਇਤਿਹਾਸ-ਖੋਜੀ ਇਸ ਤੋਂ ਲੋੜੀਂਦਾ ਲਾਭ ਉਠਾ ਸਕਣ।

ਕਥਾ ਗੁਰੂ ਜੀ ਕੇ ਸੁਤਨ ਕੀ

(ਕ੍ਰਿਤ ਭਾਈ ਦੂੰਨਾ ਸਿੰਘ ਹੰਡੂਰੀਆ)

ਦੋਹਰਾ

ਜੋ ਜੋ ਬੀਤੀ ਕਹਤ ਹੋਂ, ਗੁਰ ਚਰਨਨ ਧਰਿ ਧਿਆਨ
ਮੈਂ ਬਾਲਕ ਲਘੁ ਮਤਿ ਸੁ ਮਮ, ਕਥਾ ਰਚੀ ਸੋ ਜਾਨ । 1 ।

ਗੀਆ ਮਾਲਤੀ

ਸ੍ਰੀ ਫਤਹਿ ਸਿੰਘ ਜ਼ੋਰਾਵਰ ਸਿੰਘ ਬਹੁਰ ਮਾਤਾ ਜੀ ਭਨੰ
ਦੂਨਾ ਸਿੰਘ ਤਖਾਣ ਸਿੰਘ ਹੰਡੂਰ ਬਾਸੀ ਤਾ ਗਨੰ
ਸਭ ਏਕ ਦਾਸੀ-ਪੰਜ ਥੇ, ਚਮਕੌਰ ਤੇ ਯਹ ਦ੍ਵੈ ਹਟੇ
ਦੂਨਾ ਸਿੰਘ ਜੋ ਏਕ ਦਾਸੀ, ਤਿਸੀ ਭਾਜੜ ਮੈਂ ਸਟੇ । 2 ।

ਦੋਹਰਾ

ਤਹਾਂ ਖੇਲ ਐਸੋ ਭਯੋ ਮੋ ਪੈ ਕਹਯੋ ਨ ਜਾਇ ।
ਬਹੁਰੋ ਕਥਾ ਸੁ ਕਰਤ ਹੂੰ, ਸੰਤ ਸੁਨਹੁ ਮਨ ਲਾਇ । 3 ।

ਚੌਪਈ

ਇਕ ਸੱਕਾ ਹਿੰਦੂ ਤਹਿ ਆਹੀ । ਤੁਰਕ ਜ਼ੋਰ ਤਿਹ ਜਨਮ ਵਟਾਹੀ
ਕੁੰਮੇ ਭੇ ਕੀਮਾ ਤਿਹ ਕੀਨਾ । ਤਿਸਹੀ ਕੈ ਗ੍ਰਿਹ ਬਾਸਾ ਲੀਨਾ । 4 ।
ਤਹਾਂ ਏਕ ਬ੍ਰਾਹਮਨੀ ਰਹੈ । 'ਲੱਛਮੀ' ਨਾਮ ਤਾਸ ਜਗ ਕਹੈ
ਵਹੁ ਪ੍ਰਸਾਦ ਕਰਿ ਹਮੈਂ ਜਿਵਾਵੈਂ ।
ਤਿਸ ਕੇ ਗ੍ਰਿਹ ਮੈਂ ਆਪ ਲਯਾਵੈਂ । 5 ।

ਦੋਹਰਾ

ਦੁਇ ਮੋਹਰ ਕੀ ਆਰਸੀ, ਪੰਚ ਚੂੜੀਆਂ ਸਾਥ
ਤਿਸੀ ਬ੍ਰਾਹਮਨੀ ਕੋ ਦਈ, ਜੋ ਪ੍ਰਸਾਦ ਵਹ ਖ੍ਵਾਤ । 6 ।

ਰੁਪਯਾ ਪਾਂਚ ਸੈ ਤਿਸ ਦਯੋ, 'ਕੀਮਾ' ਨਾਮ ਜੁ ਆਹਿ
ਤਿਨਹੁ ਜੁ ਮਸਤਕ ਟੇਕ ਕੇ, ਲੀਨਾ ਤਬਹਿ ਉਠਾਹਿੰ । 7 ।

ਚੌਪਈ

ਅਬੈ ਇਕ ਕਥਾ ਅਵਰ ਜਨਾਊਂ, ਜੋ ਜੋ ਬੀਤੀ ਸਭੈ ਸੁਨਾਊਂ
ਦੋਇ ਮਸੰਦ ਸਹੇੜੀ ਰਹੈਂ, ਇਕ ਦਰਬਾਰੀ, ਧੂਮਾ ਕਹੈਂ । 8 ।

ਸੋਰਠਾ

ਤਿਨੈ ਸੁਨੀ ਯਹ ਬਾਇ, ਤਹਾਂ ਖੇਡ ਐਸੋ ਭਯੋ
ਆਯੋ ਤਿਤਹੀ ਧਾਇ, ਜੋ ਕਿਤਹੂੰ ਕੋਊ ਪਾਈਐ । 9 ।

ਏਕ ਲਾਲ ਜੋ ਮਿਲ ਹੈ ਆਈ । ਤਉ ਹਮਰੀ ਸਬ ਬਿਧਿ ਬਨ ਜਾਈ ।
ਮਗ ਮੈਂ ਸੱਕਾ ਮਿਲਯੋਂ ਸੁ ਜਾਂਕੋ । ਤਿਸ ਪ੍ਰਤਿ ਪੂਛਯੋ ਨਾਮ ਸੁ ਤਾਂ ਕੋ । 10 ।

ਤਉ ਸੱਕੇ ਯਹ ਬਾਤ ਚਲਾਈ ।
ਤੁਮ ਕਿਮ ਪੂਛਤ ਬਾਤ ਜਨਾਈ ।
ਤਿਨਹਿ ਕਹਯੋ ਹਮ ਉਨ ਕੇ ਦਾਸਾ ।
ਮਸੰਦ ਨਾਮ ਜਗ ਮਾਹਿ ਬਾਸਾ । 11 ।

ਪਰਹਾ

ਢੂੰਡ ਭਾਲ ਜੋ ਕੀਨੇ ਸਭ ਹੀ ਏਕਠੇ
ਪੁਰ ਅਨੰਦ ਗ੍ਰਿਹ ਮਾਹਿ ਬਸੈ ਤਹਿ ਨੇਕਠੇ
ਤਬਹਿ ਮਾਸ਼ਕੀ ਕਹੈ, ਅਬੈ ਤੁਮ ਜਾਨਯੋ
ਲੈ ਆਓ ਗ੍ਰਿਹ, ਮਾਹਿ ਦੇਖਿ ਬਿਗਸਾਨਯੋ । 12 ।

ਮਾਤਾ ਜੀ ਕੋ ਸੀਸ ਟੇਕ ਤਬ ਏਹੁ ਕਹੀ—
'ਚਲੋ ਹਮਾਰੀ ਮਾਤ ! ਨੇਤ ਬਿਧਿ ਯਹ ਸਹੀ ।
ਤਬੈ ਭਈ ਪ੍ਰਸੰਨ ਮਿਲਯੋ ਤਹਿੰ ਆਇਕੈ
ਪੂਛੀ ਸਗਲੀ ਬਾਤ, ਕਹੀ ਸਮਝਾਇਕੈ । 13 ।

ਸ੍ਰੀ ਮਾਤਾ ਜੀ ਅਰੁ ਫਤੇ ਸਿੰਘ ਏਕ ਘੋੜੇ ਪੈ ਚਢੇ
ਜ਼ੋਰਾਵਰ ਸਿੰਘ ਜੂ ਪਾਇ ਖੁਰਜੀ, ਅਵਰ ਘੋੜੇ ਪੈ ਪਢੇ
ਚਮਕੌਰ ਤੇ ਜਬ ਗਏ ਚੌਂਤੇ,* ਦੁਸਟ ਕੇ ਮਨ ਯਹ ਭਈ
'ਜਹ ਦ੍ਰਬ ਹਮਰੇ ਹਾਥ ਆਯੋ', ਮੋੜ ਤਬ ਘਰ ਕੋ ਲਈ । 14 ।

ਸੋਰਠਾ

ਦੁਸ਼ਟ ਚਿਤ ਭਰਮਾਇ, ਮਾਤਾ ਜੀ ਕੋ ਇਮ ਕਹੈ—
'ਤੁਰਕ ਜੋ ਉਤਰੇ ਆਇ, ਰੋਪੜ ਤੀਰ ਜੁ ਯਹ ਸੁਨੀ । 15 ।

ਹਮਰਾ ਚਾਰਾ ਨਾਹਿ, ਜੋ ਤੁਮਰੇ ਮਨ ਸੋ ਕਹਉਂ
ਆਗੇ ਧਰਹੁ ਨ ਪਾਇ, ਲੇ ਜਾਵਹਿੰਗੇ ਪਕਰਿ ਤੁਮ' । 16 ।

'ਚਮਕੌਰਹਿ ਪਹੁੰਚਾਉ' —ਮਾਤਾ ਜੀ ਐਸੇ ਕਹਯੋ
ਡੇਰਾ ਆਵੈ ਤਾਂਹਿ, ਬਹੁਰਿ ਜਾਨ ਨਹਿ ਪਾਵਹੋਂ । 17 ।

ਦੋਹਰਾ

ਤਬ ਮਾਤਾ ਬਿਲਖੀ ਭਈ, ਜਿਉਂ ਜਾਨਉਂ ਤਿਉਂ ਕੀਨ
ਤਬ ਦੁਸ਼ਟਾਤਮ ਯਹ ਕਹੀ, 'ਮਮ ਗ੍ਰਿਹਿ ਚਲਉ ਪ੍ਰਬੀਨ' । 18 ।

ਚੌਪਈ

'ਜਬ ਹੀ ਤੁਰਕ ਅਪਨੇ ਗ੍ਰਿਹ ਜਾਵੈਂ', ਤਬ ਹਮ ਤੁਮ ਕੋ ਘਰ ਪਹੁੰਚਾਵੈਂ
ਇਸ ਕਹਕੈ ਤਬ ਘਰ ਲੈ ਆਯੋ, ਭਈ ਰੈਣ ਪ੍ਰਸਾਦ ਕਰਾਯੋ । 19 ।

ਦੋਹਰਾ

ਲਹੈਰ ਕੀ ਰੋਟੀ ਕਰੀ, ਮਸਰੀ ਕੀ ਕਰੀ ਦਾਲ
ਥਾਲੀ ਮਾਂਹਿ ਸੁ ਪਾਇਕੈ, ਲੈ ਆਯੋ ਤਤਕਾਲ । 20 ।

---

*ਇਕ ਪਿੰਡ, ਜਿਥੇ ਯਾਦਗਾਰ ਬਣੀ ਹੋਈ ਹੈ।

ਚੌਪਈ

ਸੋ ਰੋਟੀ ਐਸੀ ਕਰ ਲਯਾਯੋ, ਹਮਰੇ ਕਾਗ ਨ ਕੂਕਰ ਖਾਯੇ ।
ਤਬ ਮਾਤਾ ਐਸੇ ਬਿਲਖਾਨੀ, ਭੂਖੇ **'ਕੁਇਰ'** ਦੇਖ ਕੁਮਲਾਨੀ । 21 । **ਬੱਚੇ**

ਦੋਹਰਾ

ਮਾਤਾ ਜੀ ਐਸੋ ਕਹਯੋ, ਮੁਹਰ ਏਕ ਲੈ ਜਾਹੁ ।
ਜੋ ਪਕਵਾਨ ਤੁਮ ਦੇਖਹੋ, ਸੋ ਪ੍ਰਸਾਦ ਲੈ ਆਹੁ । 22 ।

ਸੋਰਠਾ

ਪਤਾਸ਼ੇ ਸੇਰ ਦੁਇ ਆਹ, ਲੈ ਆਯੋ ਮਸੰਦ ਤਬ
ਕਛੁਕ ਛਕੇ ਤਿਸ ਮਾਂਹਿ, ਅਵਰ ਰਹੇ ਤਿਸ ਠੌਰ ਹੀ । 23 ।

ਸੋਰਠਾ

ਦੁਸ਼ਟ ਚਿਤ ਕੁਧਰਮ, ਟਹਿਲ ਨ ਕੀਨੀ ਪ੍ਰੇਮ ਸਿਉਂ
ਅਬੈ ਸੁਨਾਉਂ ਅਉਰ, ਜੋ ਜੋ ਆਗੈ ਕਰਤ ਹੈਂ । 24 ।

ਚੌਪਈ

ਭਈ ਰੈਨ ਖੁਰਜੀ ਤਿਨ ਲੀਨੀ, ਜਾ ਕਰ ਚੋਏ ਮਹਿ ਗੱਡ ਦੀਨੀ
ਮੁੜ ਆਯੋ ਤਬ ਅਪਨੇ ਦਵਾਰਾ, ਭਈ **ਭੋਰ** ਤਬ ਫੇਰ ਸਿਧਾਰਾ । 25 । **ਸਵੇਰ**

ਦੋਹਰਾ

ਦਬ ਆਏ ਸੂਕੀ ਨਦੀ, ਨੀਰ ਵਹਯੋ ਤਹਿ ਆਇ
ਜਿਸ ਕੀ ਵਸਤੁ ਸੁ ਤਿਨ ਲਈ, ਮਸੰਦ ਮੂਏ ਪਛਤਾਇ । 26 ।

ਸੋਰਠਾ

ਢੂੰਡ ਰਹੇ ਵਾਂ ਠੌਰ, ਖੁਰਜੀ ਕਹੂੰ ਨ ਪਾਈਆ
ਕਾਰਣ ਭਯੋ ਸੁ ਔਰ, ਤਿਸੀ ਥਾਂਇ **ਗ਼ਾਯਬ** ਭਈ । 27 । **ਗੁੰਮ**

ਸਵੈਯਾ ਅੰਤਰਗਤਾ ਮਦਰਾ

ਸੋਚ ਭਯੋ ਤਬ ਯੋਂ ਮਨ ਮੈਂ; ਕਿਤ ਠੌਰ ਗਈ ਮਮ ਚਿਤ ਪਰੈ
ਭੂਲ ਗਏ ਤਹਿ ਠੌਰ ਦਬੇ; ਨਹਿੰ ਆਪਨ ਹੀ ਗ੍ਰਿਹ ਮਾਹਿ ਧਰੈਂ
ਯੋਂ ਚਿਤ ਮੈਂ ਅਬ ਆਵਤ ਹੈ; ਤਿਨ ਕੋ ਗ੍ਰਿਹ ਤੇ ਅਬ ਦੂਰ ਕਰੈਂ
ਜੁ ਅਬ ਕਾਜ ਨਹੀਂ ਇਨ ਤੇ; ਅਬ ਦੂਰ ਕਢੈਂ ਘਰ ਤੇ ਸੁ ਲਰੈਂ । 28 ।

ਦੋਹਰਾ

ਤਬ ਗ੍ਰਿਹ ਮੈਂ ਐਸੇ ਕਹੈ; 'ਈਹਾਂ ਖੁਰਜੀ ਨਾਹਿ
ਕੋ ਜਾਨੈ ਕਿਨ ਗਹਿ ਲਈ; ਹਮ ਕੋ ਸੋਝੀ ਨਾਹਿ ।' 29 ।

ਤਬ ਮਾਤਾ ਜੀ ਯਹ ਕਹਯੋ; ਭਲੀ ਹੁਈ ਦੇਹੁ ਜਾਨ
ਜੌ ਹਮ ਬਚੇ ਤੌ ਕਿਆ ਕਮੀ; ਮਾਯਾ ਹਮ ਤੇ ਆਨ । 30 ।

ਤਬ ਮਸੰਦ ਐਸੇ ਕਹੈਂ; ਹਮ ਕੋ ਤੁਹਮਤ ਦੇਹਿੰ
ਹਮ ਘਰ ਤੇ ਤੂੰ ਜਾਹਿ ਅਬ; ਹਮ ਸੋਂ ਕੈਸਾ ਨੇਹੁ । 31 ।

ਚੌਪਈ

ਤਬੈ ਦੁਸ਼ਟ ਗਹਿ ਬਾਂਹੈਂ ਲੀਨੀ । ਪਕਰ ਕਰੋਂ ਗ੍ਰਹਿ ਬਾਹਰ ਕੀਨੀ ।
ਮੰਦੇ ਬਚਨ ਕਹਿਨ ਤਬ ਲਾਗਯੋ । ਦੇ ਧੱਕੇ ਬਾਹਰ ਤਬ ਕਾਢਯੋ । 32 ।

ਤਬ ਮਾਤਾ ਸਿਮਰਨ ਮਨ ਕਰੈ । ਬਿਧਨਾ ਲੇਖ ਲਿਖਾ ਨਹਿੰ ਟਰੈ ।
ਜਿਵ ਬਿਧਿ ਲਿਖੀ ਤਿਵੈਂ ਅਬ ਭਈ । ਨਹੀਂ ਹੋਤ ਚਾਰਾ ਕਛੁ ਦਈ । 33 ।

ਮਾਤਾ ਜੀ ਰੋਵਹਿ ਬਿਲਲਾਵਹਿੰ । ਨੇਤ੍ਰਾਂਹੁ ਤੇ ਜਲ ਭਰ ਭਰ ਲਯਾਵਹਿੰ
ਬਹੁਰ ਤਿਨੈ ਪ੍ਰਤਿ ਐਸੇ ਕਹੈ । ਮਮ ਪੁਤ੍ਰਨ ਕੋ ਰਾਖਿਅਹੁ ਅਹੈ । 34 ।

ਸੋਰਠਾ

ਜਬੈ ਬਾਤ ਕਹੀ ਮਾਇ, ਤਬੈ ਕਾਢ ਘਰ ਤੇ ਦਏ
ਲੀਨੇ ਤਖਤ ਅੜਾਇ, ਕੋਊ ਵੜਨ ਨ ਦੇਵਹੀ । 35 ।

ਦੋਹਰਾ

ਆਗੈ ਹਮ ਗੁਰਸਿਖ ਤੁਮ, ਮਸਤਕ ਟੇਕਹੁ ਆਇ
ਅਬ ਤੁਮ ਕੋ ਹਮ ਟੇਕਤੇ, ਕ੍ਰਿਪਾ ਕਰਹੁ ਸਹਾਇ । 36 ।

ਮਾਤਾ ਜੀ ਬਿਨਤੀ ਕਰੀ, ਕਿਨਹੂੰ ਨ ਮਾਨੀ ਬਾਤ
ਤਬ ਮਾਤਾ ਨਿਜ ਸੁਤਨ ਕਉ, ਕਹਤ ਭਈ ਬਿਖਯਾਤ । 37 ।

ਮਾਤਾ ਜੀ ਐਸੇ ਕਹੈ, ਸੁਨਹੁ ਪੁਤ੍ਰ ਸੁਭ ਗਯਾਨ
ਜਾਇ ਪੰਚਾਯਤ ਸਰਣਿ ਗਹੁ, ਦਯਾ ਜਿ ਕਿਨਹੂੰ ਆਨ । 38 ।

ਮਾਤਾ ਜੀ ਕਾ ਬਚਨ ਮੰਨ; ਗਹੀ ਸ਼ਰਣ ਤਿਨ ਜਾਇ
ਕਿਨਹੂੰ ਨ ਮਨ ਕ੍ਰਿਪਾ ਭਈ; ਤਿਸੈ ਉਖੇੜੀ ਮਾਹਿ । 39 ।

ਚਉਪਈ

ਨਗਰਹੁ ਕਾਢਿ ਬਾਹਰ ਤਹਿ ਦਏ । ਜਾ ਕੀਕਰ ਕੇ ਹੇਠ ਜੁ ਬਹੇ
ਮਹਲ ਮਾੜੀਆਂ ਛੋਡਿ ਸਿਧਾਏ । ਪੂਰਬ ਕਰਮ ਹਮ ਆਗੈ ਆਏ । 40 ।

ਦੋਹਰਾ

ਕੀਕਰ ਹੇਠ ਜੁ ਬੈਠ ਕੇ; ਰੁਦਨ ਕੀਯੋ ਮਨ ਆਇ
ਹੇ ਸਤਿਗੁਰ ! ਅਬ ਕੌ ਨਹੀਂ, ਕ੍ਰਿਪਾ ਕਰਹੁ ਸਹਾਇ । 41 ।

ਚਉਪਈ

ਇਕ ਤਖਾਣ ਸਿਖ ਤਹਿ ਆਯੋ । ਤਿਨ ਮਾਤਾ ਸਿਉਂ ਬਚਨ ਸੁਨਾਯੋ
'ਜੋ ਮੋਕੋ ਗ੍ਰਿਹ ਭੀਤਰ ਦੇਤਾ । ਤੌ ਹੌਂ ਕਾਢਿ ਰਾਤ ਕੋ ਲੇਤਾ । 42 ।

ਦੋਹਰਾ

ਅਬ ਸਾਰੇ ਪ੍ਰਗਟ ਭਈ, ਗੁਰ ਗੋਬਿੰਦ ਸੁਤ ਏਹੁ
ਤੁਮ ਕੋ ਰਾਖੋਂ ਕਵਨ ਬਿਧਿ, ਸੋਈ ਭਾਖਿ ਕਰੇਹੁ ।' 43 ।

ਤਿਨੈ ਸਿਖ ਜਬ ਯਹ ਕਹਯੋ, ਧੀਰਜ ਟੂਟ ਗਯੋ
ਆਗੈ ਕਛੁ ਕੁ ਆਸ ਥੀ, ਐਸੋ ਕਾਜ ਭਯੋ । 44 ।

ਚਉਪਈ

ਤਬੈ ਦੁਸ਼ਟ ਮਨ ਐਸੇ ਆਈ । ਜਾਇ ਮੁਰਿੰਡੇ ਕਹਯੋ ਸੁਨਾਈ
ਦੁਇ ਪਠਾਣ ਚੜ੍ਹ ਆਏ ਤਬਹੀ । ਮਾਤਾ ਜੀ ਕਉ ਪੂਛਯੋ ਜਬਹੀ । 45 ।

'ਤੂੰ ਹੈਂ ਕਵਨ ਏਹ ਕਾਂਕੇ ਤਾਤਾ । ਸਾਚ ਕਹੋ ਤੁਮ ਹਮ ਸੋਂ ਬਾਤਾ
'ਮੈਂ ਜੁ ਧੀਵਰੀ ਸੁਤ ਯਹ ਮੇਰੇ ।' ਕੂਰ ਕਹੋਂ ਯਹ ਸੁਤ ਨਹਿੰ ਤੇਰੇ । 46 ।

ਸੋਰਠਾ

ਧੀਵਰ ਸੁਤ ਯਹ ਨਾਹਿ; ਏ ਹੈਂ ਫੂਲ ਗੁਲਾਬ ਕੇ
ਹੀਰਾ ਰੂੜੀ ਮਾਹਿ, ਪਰਯੋ ਦਮਕ ਤੈਸੇ ਕਰੈਂ । 47 ।

ਦੋਹਰਾ

ਮੈਂ ਜੁ ਧੀਵਰੀ ਗੁਰੂ ਕੀ; ਪੋਤੇ ਮੇਰੇ ਆਹਿ
ਤਿਨਕੀ ਕ੍ਰਿਪਾ ਦ੍ਰਿਸ਼ਟਿ ਸਿਉਂ; ਸੁੰਦਰ ਭਏ ਸੁਭਾਂਇ । 48 ।

ਚਉਪਈ

ਤਬ ਮਸੰਦ ਐਸੇ ਫੁਨ ਕਹੈ । ਗੋਬਿੰਦ ਸਿੰਘ ਏਹ ਮਾਤਾ ਅਹੈ
ਦੁਇ ਸੁਤ ਹੈਂ ਯੇ ਤਿਨ ਕੇ ਮਾਨਹੁ
ਚੋਰ ਢੋਰ ਤੁਮਰੇ ਯਹ ਜਾਨਹੁ । 49 ।

ਮਸੰਦ ਸਉਂਪਿ ਜਬ ਘਰ ਕੋ ਗਯੋ । ਘੋੜੇ ਆਨ ਤਬੈ ਤਿਨ ਦਯੋ
ਬੋਰੀ ਲੈ ਮਸੰਦ ਤਬ ਆਯੋ । ਪਕਰਿ ਕੁਇਰ ਤਿਸ ਬੀਚ ਸਮਾਯੋ । 50

ਗੀਆ ਮਾਲਤੀ

ਫਿਰ ਫਤੇ ਸਿੰਘ ਜ਼ੋਰਾਵਰ ਸਿੰਘ ਤਹਿੰ ਪਾਇ ਬੋਰੀ ਮੈਂ ਲਏ
ਊਪਰ ਸੁ ਘੋੜੇ ਲਾਦ ਕੈ; ਤਿਨ ਬਹੁਰ ਆਗੈ ਕਰ ਲਏ

ਮਾਤਾ ਗੁਜਰੀ ਪਕੜਿ ਲੀਨੀ ਕਟਿ ਸੁ **ਰਜੁ** ਬਾਂਧੀ ਦਈ — **ਰੱਸੀ**
ਤੰਬਰ ਸੁ ਮਿਰਚਨ ਚਾੜ੍ਹ ਕੈ, ਮੁਹਿ ਬਾਂਧ ਘੱੜੇ ਪੈ ਲਈ।
ਜ਼ੋਰਾਵਰ ਸਿੰਘ ਫਤੇ ਸਿੰਘ, ਬਾਲਕੂ ਸੁ ਦ੍ਵੈ ਭਲੇ
ਸੰਗ ਮਾਤ ਸੁ ਚਲੇ ਭ੍ਰਾਤੰ, ਤਯਾਗ ਘਰ ਕੋ ਉਠ ਚਲੇ
ਸਹੇੜੀ ਸੋਂ ਤੁਰਕਨ ਆਇ ਪਕੜੇ, ਰੁਦਨ ਕਰਤੇ ਜਾਂਵਹੀ
ਦੁਸ਼ਟ ਖ਼ਾਨ ਨ ਪਾਨ ਦੇਵਹਿੰ, ਕਸ਼ਟ ਦੇਹਿੰ ਦੁਖਾਂਵਹੀ। 51।

ਸਵੈਯਾ

ਜਾਇ ਸੀਰੰਦ ਵੜੇ ਜਬਹੀ, ਤਬ ਆਨ ਸੁ ਪੀਪਲ ਹੇਠ ਬਿਠਾਏ
ਪੂਛ ਰਹੇ ਯਹ ਕੌਨ ਸੁ ਬਾਲਕ, ਤੋਹਿ ਜੁ ਗੋਦ ਮੈਂ ਕਾਹਿ ਛਿਪਾਏ
ਦੇਖਨ ਦੇਹੁ ਇਨੈ ਹਮ ਕੋ, ਤਬਹੀ ਸੋ ਬਾਲ ਸੁ ਤਾਂਹਿ ਦਿਖਾਏ
ਮਾਤਹਿ ਯਾਹਿ ਕਹੀ ਮੁਖ ਸੋਂ, 'ਹਮ ਧੀਵਰ ਹੈਂ ਤੁਹਿ ਆਖ ਸੁਨਾਏ।' 52।*

ਸੋਰਠਾ

ਏ ਧੀਵਰ ਕੇ ਨਾਹਿ, ਏ ਰਜ-ਬੰਸੀ **ਕੁਇਰ** ਹੈਂ — **ਸ਼ਹਿਜ਼ਾਦੇ**
ਸੁਇਨਾ ਪੀਤਲ ਨਾਹਿ, ਸੁਇਨੇ ਕੋ ਪਾਂਤਲ ਕਹੈਂ। 53।
ਤਿਨਕੋ ਤੁਰਕ ਡਰਾਂਹਿ, ਕੋਊ ਗੁਲੇਲੇ ਸਾਧਕੈ
ਰੁਦਨ ਕਰਹਿੰ ਬਿਲਲਾਂਹਿ, ਦੀਨ ਹੁਇ ਬਿਨਤੀ ਕਰੈਂ। 54।
ਤਬ ਮਾਤਾ ਨਿਜ ਸੁਤਨ ਕੋ, ਐਸੋ ਕਹਯੋ ਸੁਨਾਇ
ਸ਼ਹਿਰ ਜੁ ਹਿੰਦੂ ਬਸਤ ਹੈ, ਤੁਮ ਕੋ ਲੇਹੁ ਛੁਡਾਇ। 55।

ਅੜਿਲ

ਆਜ ਦਿਵਸ ਹੋ ਯਾਹਿ, ਕਾਲ ਛੁਡਾਇ ਹੈਂ
ਚਾਰ ਵਰਣ ਜੁ ਵਸਾਹਿ, ਤਰਸ ਮਨ ਆਇ ਹੈਂ

---

*ਮਾਤਾ ਜੀ ਨੇ ਬੱਚਿਆਂ ਨੂੰ ਬਚਾਉਣ ਲਈ ਐਸਾ ਕਿਹਾ ਹੋਵੇ, ਠੀਕ ਨਹੀਂ ਜਾਪਦਾ। ਸੁਣੀ-ਸੁਣਾਈ ਗੱਲ ਲਗਦੀ ਹੈ ਕਿਉਂਕਿ ਦੂਨਾ ਸਿੰਘ ਲਿਖਾਰੀ ਤਾਂ ਚਮਕੌਰ ਤੋਂ ਹੀ ਵੱਖ ਹੋ ਗਿਆ ਸੀ।

ਜ਼ਾਮਨ ਹਮਰੇ ਹੋਇੰ ਯਹ ਦਰਬ ਚੁਕਾਇ ਹੈ
ਹੋ ਤਬ ਅਨੰਦ ਮਨ ਹੋਇ, ਨਾਮ ਧਿਆਇ ਹੈਂ । 56 ।

ਚਉਪਈ

ਸੁੱਚਾਨੰਦ ਤਬ ਦੇਖਨ ਆਯੋ ।
ਤਬ ਮਾਤਾ ਜੀ ਮਨਿ ਸੁਖ ਪਾਯੋ ।
ਹੇ ਪੁਤ੍ਰਹੁ ! ਅਬ ਡਰ ਨਹੀਂ ਕੋਈ ।
ਅਬਹਿ ਛੁਡਾਇ ਲੇਨ ਤੁਮ ਸੋਈ । 57 ।

ਜਿਸ ਕਾ ਟਿੱਕਾ ਹਮ ਗ੍ਰਿਹ ਆਯੋ, ਸੁੱਚਾਨੰਦ ਸੋ ਦਯਿ ਪਠਾਯੋ ।
ਮਾਤਾ ਜੀ ਸਿਰ ਨੀਚਾ ਕੀਨਾ, ਝੂਠਾਨੰਦਹਿ ਯਹ ਕਹਿ ਦੀਨਾ । 58 ।

ਦੋਹਰਾ

ਜਬ ਟਿੱਕਾ ਤੁਮ ਗ੍ਰਿਹ ਗਯੋ, ਤੁਮਹਿ ਸੋ ਮੋੜਿ ਦਯੋ
'ਧਾਨ ਮਲੇਛਹਿ ਖਾਤਹੋ" ਹਮ ਕੋ ਏਹੁ ਕਹਯੋ । 59 ।

ਚੌਪਈ

ਤਬ ਤੁਮ ਟਿੱਕਾ ਦਿਓ ਹਟਾਈ । ਅਬ ਮਲੇਛ ਗ੍ਰਿਹ ਕਿਉਂ ਤੂੰ ਆਈ ?
ਝੂਠੇ ਕੇ ਮਨ ਖੁਨਸ ਜਬੀ ਕੀ, ਤੁਰਕਨ ਪਾਸ ਪੁਕਾਰਿਓ ਤਬਹੀ । 60 ।

ਚੌਪਈ

ਸਾਮੇ ਖੂਨ ਹਾਥ ਤੁਮ ਆਏ । ਵੇ ਛਲੀਏ ਛਲ ਗਏ ਸਿਧਾਏ
ਉਨਕੇ ਬਦਲੇ ਅਬ ਤੁਮ ਲੀਜਹੁ, ਇਨਕੇ ਸੀਸ ਜੁਦੇ ਤੁਮ ਕੀਜਹੁ । 61 ।

ਨੀਕੇ ਬਾਲਕ ਤੁਮ ਮਤ ਜਾਨਹੁ, ਨਾਗਹੁੰ ਕੇ ਇਹ ਪੂਤ ਬਖਾਨਉ
ਤੁਮਰੇ ਹਾਥ ਆਜ ਯਹ ਆਏ, ਕਰਹੁ ਅਬੈ ਅਪਨੋ ਮਨ ਭਾਏ । 62 ।

ਦੋਹਰਾ

ਮਾਤਾ ਜੀ ਨਿਜ ਸੁਤਨ ਤੇ, ਤਬੈ ਜੁਦਾ ਕਰ ਦੀਨ ।
ਜਾਇ ਬੁਰਜ ਭੀਤਰ ਦਈ, ਇਉਂ ਦੁਸ਼ਟਨ ਤਬ ਕੀਨ । 63 ।

ਸਵੈਯਾ

ਬਾਲ ਬੁਲਾਇ ਲਏ ਜਬਹੀ, ਤਬ ਆਨ ਅਦਾਲਤ ਬੀਚ ਪਠਾਏ
ਦੇਖਤ ਹੈ ਸਭ ਹੀ ਜਗ ਆਇ ਸੁ, ਮਾਨਹੁ ਫੂਲ ਗੁਲਾਬ ਸੁਹਾਏ
ਤਾਂਹਿ ਮਲੇਛ ਲਗੇ ਦੁਖ ਦੇਵਨ, ਚਾਹਤ ਹੈਂ **ਖਲ, ਦੀਨ** ਮਿਲਾਏ **ਮੂਰਖ**
ਨਾਹਿ ਮੰਨੈ ਦੁਖ ਸੀਸ ਸਹੈਂ, ਦ੍ਰਿੜ੍ਹਤਾ ਹਰਿ ਆਪ ਦਈ ਤਿਨ ਆਏ । 64 ।

ਪਰਹਾ

ਖਮਚੀ ਸਾਥ ਜੁ ਲਗੇ ਤਬੈ ਦੁਖ ਦੇਵਨੰ **ਛਾਂਟਾ**
ਏਹ ਸੁ ਬਾਲਕ ਫੂਲ, ਧੂਪ ਨਹਿ ਖੇਵਨੰ
ਤਬ ਮਲੇਰੀਏ ਕਹਯੋ, 'ਜੜ੍ਹ ਤੁਮ ਜਾਂਹਿ ਹੀ
ਇਹ ਮਸੂਮ ਹੈਂ ਬਾਲ ਦੁਖਾਵਹੁ ਨਾਹਿ ਹੀ । 65 ।

ਦੋਹਰਾ

ਸ਼ੀਰਖੋਰ ਯਹਿ ਬਾਲ ਹੈਂ, ਇਨ ਕੋ ਮਾਰਹੁ ਨਾਹਿ
ਨੰਦ ਸੁ ਝੂਠੇ ਕੋ ਕਹਯੋ, ਜਾਤਿ ਤੁਮਾਰੀ ਆਹਿ । 66 ।

ਸੋਰਠਾ

ਕਢੀ ਪਠਾਣਹਿ ਹਾਹ, 'ਜੜ੍ਹ ਅਬੈ ਤੁਮ ਜਾਹਿੰਗੀ
ਤਰਸ ਪਇਓ ਨਹੀਂ ਆਇ,' ਝੂਠੇ ਕੋ ਐਸੇ ਕਹਯੋ । 67 ।

ਚੌਪਈ

ਤਬ ਝੂਠੇ ਨੇ ਮਾਰ ਕਰਾਈ, ਕਬਹੂ ਉਠਾਲੈ ਕਬਹੂ ਬਿਠਾਈ
ਤਬਹਿ ਦੁਸ਼ਟ ਐਸੇ ਫੁਨ ਕਹੈ, ਮਸਤਕ ਸਨਮੁਖ ਟੇਕਹੁ ਅਹੈ । 68 ।

ਨਹਿ ਜਬ ਮਸਤਕ ਸਨਮੁਖ ਟੇਕਹਿੰ
ਸੀਸ ਉਲਟ ਮੁੜ ਪਾਛੇ-ਪੇਖਹਿੰ
ਬਹੁਰੋ ਕਹੀ ਦੁਸ਼ਟ ਯਹਿ ਬਾਨੀ
'ਦੇਖੋ, ਬਾਲਕ ਯਹ ਅਭਿਮਾਨੀ ?' । 69 ।

ਦੋਹਰਾ

ਗੋ ਬਧ ਕਰਕੇ ਲੈ ਆਇ, ਕਹੈਂ ਸੁ ਚਸ਼ਮੁ ਲੇਹੁ   **ਗਊ ਮਾਰ ਕੇ**
ਤੀਨ ਚੁਲੀ ਤੁਮ ਪੀ ਲੇਵਹੁ, ਅਵਰ ਸੀਸ ਮਹਿੰ ਲੇਹੁ । 70 ।

ਸੋ ਨਹਿ ਮਾਨਹਿ ਬਾਤ, ਬਹੁਤ ਕਸ਼ਟ ਦੁਸ਼ਟਨ ਦੀਆ
ਦੰਤ ਫੜੇ ਤ੍ਰਿਣ ਘਾਸ, ਦੀਨ ਹੋਇ ਰੁਦਨੈਂ ਕਰੈਂ । 71 ।

ਚੌਪਈ

ਜ਼ੋਰਾਵਰ ਸਿੰਘ ਐਸੇ ਭਨੈ, 'ਕਿਉਂ ਭਾਈ ! ਅਬ ਕਿਉਂਕਰ ਬਨੈ'
ਫਤੇ ਸਿੰਘ ਤਬ ਕਹਯੋ ਬਖਾਨ, 'ਦਸ ਪਾਤਸ਼ਾਹੀ ਹੋਵਹਿ ਹਾਨ ।' 72 ।

ਦੋਹਰਾ

ਸੀਸ ਜੁ ਦੇਨੇ ਹੈਂ ਸਹੀ, ਏਹ ਨ ਮਾਨੈਂ ਬਾਤ
ਧਰਮ ਜਾਇ ਤਬ ਕਉਨ ਗਤਿ, ਯਹ ਪ੍ਰਗਟ ਬਖਯਾਤ । 73 ।

ਸਵੈਯਾ

ਸੋ ਅਪਨੇ ਮੁਖ ਰਾਮ ਉਚਾਰਤ, ਦੁਸ਼ਟ ਕਹੈਂ 'ਕਲਮਾ ਜਪ ਮਾਨੀ'
ਸੋ ਨ ਮੰਨੇ ਤਿਸ ਸੀਸ ਦਯੋ, ਜਿਮ ਤੇਗ ਬਹਾਦਰ ਬਾਤ ਚਲਾਨੀ
ਮਾਤ ਚਲੀ ਕਰ ਜੌਹਰ ਆਪਹਿੰ, ਹਾਇ ਸੁ ਹਾਇ ! ਕਹੈ ਜਗ ਬਾਨੀ
ਲੋਕ ਇਸੇ ਹਾਹਾਕਾਰ ਪਯੋ, ਸੁਰ ਲੋਕ ਬਿਖੈ ਜਸ ਕੀ ਸੁ ਕਹਾਨੀ । 74 ।

ਸੋਰਠਾ

ਭਯੋ ਦੂਧ ਵਹ ਠੌਰ, ਜਾਂਕੋ ਚੁਸ਼ਮਾ ਕਹਤ ਹੈਂ
ਦੇਖੈ ਦੁਸ਼ਟ ਜੋ ਅਉਰ, ਏਹ ਸੁ ਅਚਰਜ ਹੋਤ ਹੈ । 75 ।

ਚੌਪਈ

ਝੂਠਾਨੰਦ ਬਾਤ ਇਉਂ ਕਹੀ—
ਇਨਕੇ ਸੀਸ ਉਤਾਰੋ ਅਹੈ
ਦੁਇ ਕਟਾਰ ਦੁਸ਼ਟ ਲੈ ਧਾਏ
ਹਾਥ ਕਾਂਪਿ ਤਿਸ ਨਾਹਿ ਚਲਾਏ । 76 ।

ਦੋਹਰਾ

ਬਹੁਰੋ ਫੇਰ ਪਠਾਣ ਨੇ, 'ਲਾਨ੍ਹਤ' ਕਹਯੋ ਸੁਨਾਇ
'ਜੜਾਂ ਤੁਮਾਰੀ ਜਾਤ ਹੈਂ,' ਊਚੇ ਕੂਕਯੋ ਆਇ । 77 ।

ਚੌਪਈ

ਗਯਾਨੰਦ ਇਕ ਅਉਰ ਪਠਾਯੋ
ਲੈ ਕਟਾਰ ਬਗਲ ਮੈਂ ਆਯੋ
ਤਿਸ ਕੋ ਦੇਖਿ ਬਹੁਤ ਡਰ ਪਾਯੋ
ਜਨੁ ਪ੍ਰਤਖ ਕਾਲ ਨਿਜ ਧਾਯੋ । 78 ।

ਕੌਨ ਤੁਮੈ ਹੋ ਕਿਸਕੇ ਤਾਤਾ । ਸਾਫ ਕਹੋ ਤੁਮ ਹਮ ਪ੍ਰਤਿ ਬਾਤਾ । ਪੁੱਤ
ਤਬੈ ਤਿਨਹੁ ਐਸੇ ਯਹ ਕਹੀ । ਹਮੈ ਫਕੀਰ ਸਾਚ ਯਹ ਅਹੀ । 79 ।

ਚੌਪਈ

ਅਬ ਤੁਮ ਮਨ ਮੈਂ ਡਰੋ ਨ ਕੋਈ
ਪਾਛੈ ਜੁ ਕਛੁ ਹੂਆ ਸੁ ਹੋਈ
ਸੁੱਚਾ ਨੰਦ ਮੁਹਿ ਐਸੇ ਕਹੈ
ਮੇਰੇ ਗ੍ਰਿਹਿ ਲੈ ਜਾਵਹੁ ਅਹੈ । 80 ।

ਯਹ ਸੁਨ ਕੇ ਰਾਜ਼ੀ ਤਬ ਭਏ । ਮਨ ਕੇ ਸ਼ੋਕ ਦੂਰ ਹ੍ਵੈ ਗਏ
ਕਹੋ ਅਬੈ ਅਪਨਾ ਤੁਮ ਨਾਮਾ । ਕਾਂਕੇ ਸੁਤ ਮੁਹਿ ਕਰੋ ਬਖਾਨਾ । 81 ।

ਦੋਹਰਾ

ਗੋਬਿਦ ਸਿੰਘ ਕੇ ਪੂਤ ਹਮ, ਦਾਦੀ ਗੁਜਰੀ ਪਾਹਿ
ਫਤਹਿ ਸਿੰਘ ਜ਼ੋਰਾਵਰ ਸਿੰਘ, ਨਾਮ ਹਮਾਰੇ ਆਹਿ । 82 ।

ਤਿਨੈ ਕਹਯੋ ਅਬ ਡਰਉ **ਜਿਨ**, ਕਿਸੈ ਨ ਮਾਰਨ ਦੇਉਂ ਮਤ
ਮੁਖ ਤ੍ਰਿਣ ਮਸਤਕ ਟੇਕਯੋ, ਸੀਸ ਉਤਾਰਹਿ ਲੇਹੁ । 83 ।

ਜਬ ਕਟਾਰ ਸੋਂ ਸੀਸ ਉਤਾਰੇ । ਚਲਯੋ ਦੂਧ ਤਬ ਦੁਸ਼ਟ ਪੁਕਾਰੇ
ਝੂਠਾਨੰਦ ਤਬੈ ਆ ਠਾਂਢਉ । ਇਨ ਕੀ ਤਲਿ ਮਮਯਾਈ ਕਾਢਹੁ ।84।

ਸੋਰਠਾ

ਦੋਇ ਪਠਾਣ ਲਇਓਹੁ, ਗਯਾਨੰਦ ਕੁਪੂਤ ਨੇ
ਮੁਏ ਤੇਲ ਲਗ ਆਗ, ਨਿਕਟ ਕੜਾਹੇ ਜਲ ਗਏ । 85 ।

ਏਹ ਨ ਤਲਨੇ ਪਾਇ, ਗਏ ਦੁਸ਼ਟ ਸੋ ਜਲ ਮੁਏ ।
ਸੀਸ ਚਿਣੇ ਤਹਿ ਆਇ, ਜਹਾਂ ਚਬੂਤਰੇ ਬੈਠਤੇ । 86 ।

ਚੌਪਈ

ਜੋ ਊਪਰਿ ਤਹ ਬੈਠੇ ਜਾਈ । ਆਂਧਾ ਹੋਇ ਬਹੁਤ ਦੁਖ ਪਾਈ
ਤਬ ਮਲੇਰੀਏ ਐਸੇ ਕਹਯੋ । ਛੇਤ ਹੇਠ ਨੀਚ ਦੈ ਬਹਯੋ । 87 ।

ਜਬ ਦੁਸ਼ਟੀਂ ਐਸੇ ਦੁਖ ਪਾਏ । ਬਹੁਰੋ ਫੇਰ ਸੀਸ ਕਢਵਾਏ
ਰਜ ਕੋ ਪਾਇ ਪੀਪਲਹ ਬਾਂਧੇ । ਦੁਸ਼ਟ ਗੁਲੇਲੇ ਤੀਰ ਸੁ ਸਾਂਧੇ । 88 । ਰੱਸਾ

ਪੜ੍ਹਿਆ ਤੋਤਾ ਪੀਪਲ ਰਹੈ । 'ਗਈ ਤੁਰਕ ਜੜ' ਐਸੇ ਕਹੈ
ਤੋਤੇ ਕੋ ਗੁਲੇਲੋ ਮਾਰੈਂ । ਗਈ 'ਦੁਸ਼ਟ ਜੜ' ਯਹੀ ਪੁਕਾਰੈ । 89 ।

ਸੋਰਠਾ

ਸਿਖ ਟੋਡਰ ਮੱਲ ਤੇਹ, ਮਾਤਾ ਕੋ ਐਸੇ ਕਹਯੋ —
ਕਾਰਣ ਭਯੋ ਸੁ ਏਹੁ, ਸੀਸ ਉਤਾਰੇ ਤੁਮ ਸੁਤਨ । 90 ।

ਦੋਹਰਾ

ਤਬ ਮਾਤਾ ਬਿਲਖੀ ਭਈ, ਐਸੀ ਸੁਨੀ ਜੁ ਬਾਤ
ਦੇਖੇ ਸੀਸ ਜੁ ਲਟਕਤੇ, ਹਿਕ ਮਰੋਰੀ ਖਾਤ । 91 ।

ਚੌਪਈ

ਹੇ ਪੁਤ੍ਰ ! ਐਸੀ ਤੁਮ ਕਰੀ । ਹੌਂ ਜੀਵਤ ਤੁਮ ਸੀਸ ਉਤਰੀ
ਐਸੇ ਭਾਖਿ ਮੂਰਛਾ ਪਾਈ । ਘਰੀ ਚਾਰ ਸੁਧ ਫਿਰ ਨਹਿ ਆਈ ।92।

ਸਲੋਕ

ਸੰਗਿ ਸਖਾ ਸਬ ਤਜ ਗਏ, ਕੋਊ ਨ ਨਿਭਿਓ ਸਾਥ
ਕਹੁ ਨਾਨਕ ਯਹ ਬਿਪਤ ਮੈਂ, ਟੇਕ ਏਕ ਰਘੁਨਾਥ ।93।

ਦੋਹਰਾ

ਤਬੈ ਪ੍ਰਸ਼ਟਕਾ ਪੁਤ੍ਰ ਕੀ, ਆਇ ਗਈ ਤਿਹ ਪਾਂਹਿ
ਮਾਤਾ ਜੀ ਕੋ ਯਹ ਕਹਯੋ, ਕਿਉਂ ਰੋਵਹਿੰ ਬਿਲਲਾਂਹਿ ।94।

ਚੌਪਈ

ਟੋਡਰਮੱਲ ਐਸੇ ਫੁਨ ਕਹੈ । ਤੁਰਕ ਨ ਤੁਮਕੋ ਛੋਡੈ ਅਹੈ
ਮਾਤਾ ਜੀ ਤਬ ਯਹੈ ਪੁਕਾਰੀ । ਕੂਪ ਮਾਂਝ ਮੁਝ ਦੇਵਹੁ ਡਾਰੀ ।95।

ਪਰਹਾ

ਟੋਡਰ ਮੱਲ ਯੋਂ ਕਹਯੋ, ਬਾਤ ਸੁਨਿ ਲੀਜੀਐ
ਹੀਰਾ ਤੁਮ ਕੋ ਦੇਉਂ, ਇਹੈ ਨਿਗਲੀਜੀਐ
ਲਯੋ ਸੁ ਜੌਹਰ ਖਾਇ, ਪਯਾਨੋ ਤਬਿ ਭਯੋ
ਜੋਤੀ ਜੋਤਿ ਸਮਾਇ, ਆਪ ਮੈਂ ਮਿਲ ਗਯੋ ।96।

ਸੋਰਠਾ

ਗਏ ਪਠਾਣਹਿ ਪਾਸ, ਟੋਡਰ ਨਾਗਰ ਮੱਲ ਜਬ
ਕਹਯੋ ਸੁ ਝੂਠੇ ਪਾਸ, **ਲੋਥਾਂ** ਅਬ ਸਿਸਕਾਰੀਏ ।97। **ਲੋਥਾਂ**

ਦੋਹਰਾ

ਤੀਨੇ ਮਿਲ ਕਰ ਗਏ, ਤਬ ਝੂਠੇ ਨੰਦ ਸੁ ਪਾਹਿ
ਤਬੈ ਪਠਾਣਹਿ ਯਹ ਕਹਯੋ, ਲੋਥ ਸੁ ਇਨਹਿ ਦਿਵਾਇ ।98।

ਸੋਰਠਾ

ਅਬ ਮਿੱਟੀ ਕਿਹ ਕਾਂਹਿ, ਤੁਮਹਿ ਬਹੁਤ ਜਬਰ ਕੀਆ ।
ਸਾਹਿਬ ਕੀ ਦਰਗਾਹਿ, ਕਿਆ ਮੁਖ ਲੇ ਕਰ ਜਾਂਹਿਗੇ ।99।

ਤਬ ਸ਼ਰਮਿੰਦੇ ਹੋਹਿ, ਕਹਯੋ 'ਲਿਜਾਵਹੁ ਲੋਥ ਹੀ'
ਲੈ ਆਏ ਤਿਸ ਠੌਰ, ਚੰਦਨ ਚਿਖਾ ਸਵਾਰੀਓ ।100।

ਸਵੈਯਾ

ਸਭ ਲੋਕਨ ਮੈਂ ਹਾਹਾਕਾਰ ਭਏ, ਤਬ ਫੂਲ ਸੁ ਚੰਦਨ ਆਨ ਕੇ ਡਾਰੇ
ਉਤ ਕੀਰਤਨ ਕੀ ਧੁਨਿ ਹੋਇ ਰਹੀ, ਤਿਨ ਨੈਨ ਵਹੇ ਜਨੁ ਨੀਰ ਪਰਨਾਰੇ ।
ਧਰਮ ਕਲਾ ਸ਼ਿਸੁ ਸੁਧ ਸਰੂਪਨ ਦੇਹ ਸੁ ਚੰਦਨ ਆਨ ਕੇ ਡਾਰੇ
ਸਭ ਦੇਵ ਸੁ ਫੂਲ ਬਿਬਾਨ ਲੀਏ, ਸੁ ਚੜ੍ਹਾਇ ਚਲੇ ਕਰਤੇ ਜੈਕਾਰੇ । 101 ।

ਸੋਰਠਾ

ਜੋਤੀ ਜੋਤਿ ਸਮਾਇ, ਗਏ ਸੁ ਸੁਧ ਸ੍ਵਰੂਪ ਮੈਂ
ਪੁਹਪ ਦੇਵ ਬਰਖਾਇ, ਜੈ ਜੈ ਸ਼ਬਦ ਕਰਤੇ ਭਏ ।102।
ਤੁਰਕਨ ਕੀ ਜੜ ਕਾਟਿ, ਗਏ ਸੁ ਸਾਚੇ ਖੰਡ ਮੈਂ
ਜਸ ਕੇ ਭਰੇ ਸੁ ਮਾਟ, ਧਰਮ ਰਾਖਿ ਧਰ ਤੇ ਗਏ ।103।

ਦੋਹਰਾ

ਧਰਮ ਕਲਾ ਕੀ ਟੇਕ ਜਿਮ, ਤੇਗ ਬਹਾਦਰ ਕੀਨ
ਸੀਸ ਦਯੋ ਸਿਰ੍ਰ ਨ ਦਯੋ, ਤ੍ਰਈ ਲੋਕ ਜਸ ਲੀਨ ।104।

ਗੁਰੂ ਤੇਗ ਬਹਾਦਰ ਕੇ ਪੋਤ੍ਰ, ਗੋਬਿੰਦ ਸਿੰਘ ਕੇ ਪੂਤ
ਧਰਮ ਰਾਖਿ ਸੀਸਨ ਦਯੋ, ਪ੍ਰਬਲ ਪੰਥ ਭਯੋ ਸੂਤ ।105।

ਕਬਿਤ

ਗੁਰੂ ਜਿਮ ਅਰਜਨ ਕਰੀ ਹੈ ਲਾਹੌਰ ਬਿਖੈ
ਸੀਸ ਨਿਜ ਦਯੋ ਤਹਾਂ ਤੁਰਕ ਨਿਹਲਤੇ
ਤਾਂਹੀ ਕੋ ਨਾਤੀ ਸ੍ਰੀ ਗੁਰੂ ਤੇਗ ਬਹਾਦਰ ਜੋ
ਧਰਮ ਕੋ ਰਾਖਿ ਸੀਸ ਦਯੋ ਦਿਲੀ ਚਲਤੇ
ਤੇਗ ਹੂੰ ਬਹਾਦਰ ਕੇ **ਨਾਤੀ** ਬਾਤੇਂ ਐਸੀ ਕਰ
ਸੀਰੰਦ ਸੀਸ ਦੇ ਕੇ ਬੀਰ ਭਏ ਹੈਂ ਅਚਲਤੇ ।
ਤਾਂ ਦਿਨ ਕੀ ਪੰਥ ਕਲਾ, ਦਿਨ ਦਿਨ ਸਵਾਈ ਹੋਤ
ਤੁਰਕ ਮਲੇਛ ਜਾਤ ਦਿਨ ਦਿਨ ਗਲਤੇ ।106।

ਦੋਹਰਾ

ਜੁਝਾਰ ਸਿੰਘ ਅਜੀਤ ਸਿੰਘ, ਜੁਧ ਕਰਿ ਜੂਝੇ ਚਮਕੌਰ
ਸੀਰੰਦ ਬਿਖੇ ਜ਼ੋਰਾਵਰ ਸਿੰਘ, ਫਤਹਿ ਸਿੰਘ ਕੀ ਠੌਰ ।107।

ਗੁਰੂ ਗੋਬਿੰਦ ਸਿੰਘ ਜੀ ਸੁਨਯੋ, ਚਿਣੇਂ ਸੀਸ ਕੀ ਬਾਤ
ਗੁਜਰੀ ਉਜਰੀ ਤਬ ਕਹਯੋ, ਫੁਨ ਕਹਯੋ ਧੰਨ ਧੰਨ ਮਾਤ ।108।

ਤਬ ਸਿਖਨ ਸੋਂ ਪੂਛਤ ਭਏ, ਕਹੋ ਤਰਸ ਕਾਹੂ ਕੀਨ
ਬ੍ਰਾਹਮਣ ਛਤ੍ਰੀ ਲੋਕ ਨਰ, ਹਾਹਾਕਾਰ ਨਹਿ ਦੀਨ ? ।109।

ਸੋਰਠਾ

ਤਬ ਸਿਖਨ ਗੁਰ ਸੰਗ, ਬਾਤ ਸੁ ਐਸੇ ਕਹਿ ਦਈ —
ਸਬਹੀ ਲੋਕ **ਉਪੰਗ,** ਹਾਹਾਕਾਰ ਨ ਕਿਸ ਕੀਯੋ ।110। ਹੀਣੇ

ਸਵੈਯਾ

ਏਕ ਪਠਾਣ ਮਲੇਰੀਏ ਕੋਟ ਹੀ ਕੋ ਤਿਨ ਕੀਨੋ ਬਹੁ ਹਾਹਾਕਾਰਾ
'ਏ ਸ਼ੀਰਖੋਰ ਨਹਿੰ ਮਾਰੋ ਰੇ', ਵਹ ਪਠਾਣ ਤਬੈ ਬਹੁ ਭਾਂਤ ਪੁਕਾਰਾ
ਸੁਚਾਨੰਦ ਅਨੀਤ ਕਰੀ ਸ਼ਿਸ਼ੁ ਸੋਂ, ਬੋਲੇ-ਸੁਰ ਝੂਠਾਨੰਦ ਅਹੰਕਾਰਾ ।
ਮਲੇਰੀਏ ਕੀ ਜੜ ਰਹੀ ਮਲੇਛੋਂ ਕੀ ਗਈ,
ਡਾਰ ਦਈ ਜਿਹ ਸਿੰਧੁ ਹੈ ਖਾਰਾ । 111 ।

ਦੋਹਰਾ

ਗੁਰੂ ਗੋਬਿੰਦ ਸਿੰਘ ਬੋਲਕੇ, ਐਸੇ ਕਹਯੋ ਸੁਨਾਇ
ਜੋ ਕੋ ਸਿਖ ਮੇਰਾ ਹੋਇ, ਸੀਰੰਦ ਕੀ, ਈਂਟ ਨਦੀ ਮਹਿ ਪਾਇ ।112।

ਈਂਟ ਨਦੀ ਸੀਰੰਦ ਕੀ, ਜੋ ਨਰ ਦੇਵਹਿ ਡਾਰ
ਤਿਸ ਸਿਖ ਪੁੰਨ ਬਹੁਤਾ ਲਹਿਯੋ, ਅਸੁ ਗਜ ਗਊ ਅਪਾਰ ।113।

ਤਿਸ ਠਾਂ ਕੇ ਤੁਰਕ ਪਠਾਣ ਗਹਿ, ਮਾਰੇਂ ਸਿਖ ਜੁ ਕੋਇ
ਸੋ ਮੋ ਪੁਰਿ ਬਾਸਾ ਲਹੈਂ, ਤਿਸ ਸਿਖ ਅਟਕ ਨ ਹੋਇ ।114।

ਤੁਰਕ ਮਲੇਛਨ ਮਾਰਿ ਮਾਰਿ, ਡਾਰਹੁ ਕੂਕਰ ਮਾਸ
ਸਤਿਗੁਰ ਬਚਨ ਬਿਸਾਲ ਕਹਿ, ਸਭ ਮਲੇਛ ਕੋ ਨਾਸ । 115 ।

ਸਵੈਯਾ

ਜਬ ਬਾਤ ਸੁਨੀ ਗੁਰਪੂਤਨ ਕੀ, ਸਭ ਸਿਖ ਕਰਨ ਅਤਿ ਸੋਗਹਿ ਲਾਗੇ ।
ਰੋਇ ਕਰੈਂ ਬਿਲਲਾਟ ਬਡੋ, ਅਨੰਦ ਗਏ ਮਨ ਸੋਗਹਿ ਪਾਗੇ ।
ਸ੍ਰੀ ਗੁਰ ਕਹਯੋ ਕਰ ਕਾਰ ਕਢੋ ਤਬੈ ਪਰ ਲਕੀਰ ਨ ਕਾਢੋ ਆਗੇ ।
ਬਹੁ ਲਕੀਰ ਕਢੀ ਗੁਰ ਜੀ ਕਹਯੋ, ਤਬ ਮੇਟ ਦਈ ਸਿਖਨ ਅਨੁਰਾਗੇ । 116 ।

ਚੌਪਈ

ਸਾਹਿਬ ਹੁਕਮ ਮੁਖ ਸੋਂ ਕਹਯੋ, ਸੁਨਹੁ ਸਿਖ ਮਨ ਲਾਇ
ਹਰਖ ਸੋਗ ਕਛੁ ਉਪਜ ਮਨ, ਕਾਰ ਮੇਟੀ **ਖਟੀ** ਬਨਾਇ ।117। **ਕੱਢੀ**

ਤਬ ਸਿਖਨ ਕਰ ਜੋਰ ਕੈ, ਐਸੋ ਕਹੀ ਸੁਨਾਇ
ਖਾਟੀ ਮੇਟ ਲਕੀਰ ਕਾ, ਹਰਖ ਨ ਸੋਗ ਸੁਭਾਇ । 118 ।

ਜਿਉਂ ਤੁਮ ਖਟ ਮੇਟ ਲਕੀਰ ਕਾ, ਹਰਖ ਨ ਕਰਤੇ ਹੋਗੁ
ਤਿਉਂ ਮਾਯਾ ਪਦਾਰਥ ਆਇ ਜਾਇ, ਭੂਲ ਗੁਰੂ ਨਹਿ ਸੋਗ 119 ।

ਦੋਹਰਾ

ਤਬ ਸਿਖਨ ਗੁਰਬਚਨ ਸੋਂ ਦੀਨੇ ਸੋਗ ਨਿਵਾਰ
ਸੋਗ ਸਿਖਨ ਕੇ ਸਤਿਗੁਰੂ, ਤੁਰਕਨ ਕੇ ਗ੍ਰਿਹ ਡਾਰ । 120 ।

ਗੁਰ ਅਸੋਗ, ਸੋਗੀ ਨ ਸਿਖ, ਸੋਗ ਮਲੇਛਨ ਲੀਨ
ਜਸ ਰਾਖਿ ਗੁਰ ਧਰਮ ਕੀ, ਧੁਜਾ ਬਾਂਧ ਧਰਿ ਦੀਨ । 121 ।

ਸਤਿਗੁਰ ਕੇ ਸਦ ਗ੍ਰਿਹ ਬਿਖੈ, ਝੰਡੇ ਝੁਲਤ ਨਿਸ਼ਾਨ
ਗਾਵਤ ਗਰਜਤ ਪ੍ਰੇਮ ਸੋਂ, ਸ੍ਰੀ ਗੁਰ ਸ਼ਬਦ ਨਿਧਾਨ । 122 ।

ਇਤਿ ਸ੍ਰੀ ਜ਼ੋਰਾਵਰ ਸਿੰਘ ਫਤੇ ਸਿੰਘ ਜੀ
ਧਰਮ ਰਾਖਿ, ਸੀਸ ਸਮਰਪਤੇ
ਸਾਖੀ ਸੰਪੂਰਨੰ ।

ਅੰਤਲੀਆਂ ਸਤਰਾਂ ਤੋਂ ਇਉਂ ਜਾਪਦਾ ਹੈ ਕਿ ਜਦੋਂ 1764 ਈ: ਵਿਚ ਸਿਖਾਂ ਨੇ ਸਰਹਿੰਦ ਉਜਾੜੀ ਤਾਂ ਤੁਰਕਾਂ ਦੇ ਘਰੀਂ ਸੋਗ ਛਾ ਗਿਆ ਤੇ ਸਿੱਖ ਜੈਜੈਕਾਰ ਕਰਨ ਲਗੇ। ਇਸ ਸੰਕੇਤ ਤੋਂ ਇਸ ਦਾ ਰਚਨਾਕਾਲ ਨਿਸ਼ਚਤ ਹੁੰਦਾ ਹੈ। ਕਵੀ ਲਿਖਦਾ ਹੈ, ਸੀਸ ਕਟਾਰ ਨਾਲ ਉਤਾਰੇ ਗਏ ਤੇ ਇਕ ਚੌਂਤਰੇ ਹੇਠ ਚਿਣੇ ਤੇ ਦੱਬੇ ਗਏ। ਨੀਹਾਂ ਵਿਚ ਚਿਣਨ ਵਾਲੀ ਗੱਲ ਇਥੇ ਦਰਜ ਨਹੀਂ।

ਜਦੋਂ ਅਸੀਂ ਸਿਖ ਇਤਿਹਾਸ ਦੇ ਪੁਰਾਣੇ ਗ੍ਰੰਥ ਦੇਖਦੇ ਹਾਂ ਤਾਂ ਸ੍ਰੀ ਗੁਰ ਸ਼ੋਭਾ (ਸੈਣਾ ਸਿੰਘ), ਬੰਸਾਵਲੀਨਾਮਾ (ਕੇਸਰ ਸਿੰਘ ਛਿੱਬਰ), ਸ੍ਰੀ ਗੁਰ ਮਹਿਮਾ ਪ੍ਰਕਾਸ਼ (ਬਾਵਾ ਸਰੂਪ ਚੰਦ), ਗੁਰਬਿਲਾਸ ਪਾ ੧੦ (ਭਾਈ ਸੁੱਖਾ ਸਿੰਘ), ਗੁਰਪ੍ਰਤਾਪ ਸੂਰਯ (ਭਾ. ਸੰਤੋਖ ਸਿੰਘ) ਅਤੇ ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) ਆਦਿ ਵਿਚ ਵੀ ਸਾਹਿਬਜ਼ਾਦਿਆਂ ਨੂੰ ਜੱਲਾਦਾਂ ਵਲੋਂ ਤੇਜ ਕਟਾਲ, ਛੁਰੀ, ਖੰਡੇ ਜਾਂ ਸ਼ਮਸ਼ੀਰ ਆਦਿ ਨਾਲ ਜ਼ਿਬਹ ਕਰਨਾ ਹੀ ਲਿਖਿਆ ਹੈ। ਦੀਵਾਰ ਵਿਚ ਚਿਣੇ ਜਾਣ ਦੀ ਰਵਾਇਤ ਕਾਫੀ ਪ੍ਰਚਲਤ ਹੈ ਤੇ ਸ਼ਾਇਦ ਇਸੇ ਕਰਕੇ ਸਿੰਘਾਂ ਸਰਹੰਦ ਦੀ ਇਟ ਨਾਲ ਇਟ ਖੜਕਾਈ। ਪੁਰਾਣੇ ਜ਼ਮਾਨੇ ਜਦ ਕੋਈ ਸਿਖ ਫਤਹਿਗੜ੍ਹ ਦੇ ਦਰਸ਼ਨਾਂ ਨੂੰ ਜਾਂਦਾ ਤਾਂ ਉਥੋਂ ਦੋ-ਚਾਰ ਇੱਟਾਂ ਚੁਕਕੇ ਜ਼ਰੂਰ ਤੋੜਦਾ ਭੰਨਦਾ। ਇਹ ਰੀਤਿ ਕਵੀ ਦੇ ਜ਼ਮਾਨੇ ਪ੍ਰਚਲਤ ਸੀ। ਆਖਰ ਇਸ ਨਾਮੁਰਾਦ ਸ਼ਹਿਰ ਦਾ ਮਲਬਾ ਰੇਲ ਲਾਈਨ ਉਤੇ ਵਿਛਾਉਣ ਦੇ ਕੰਮ ਆਇਆ।

ਇਕ ਹੋਰ ਗੱਲ ਦਾ ਚਰਚਾ ਕਰਨਾ ਵੀ ਕੁਥਾਂ ਨਹੀਂ, ਰਵਾਇਤ ਹੈ ਸਧਨਾ ਭਗਤ ਸਰਹੰਦ ਦਾ ਸੀ, ਉਸ ਦੇ ਨਾਂ ਦੀ ਅਧੂਰੀ ਮਸਜਿਦ ਅਜੇ ਤਕ ਖੜੀ ਹੈ। ਕਿਹਾ ਜਾਂਦਾ ਹੈ ਕਿ ਸ਼ਰ੍ਹਈ ਲੋਕਾਂ ਉਸਨੂੰ ਮਸੀਤ ਦੀ ਦੀਵਾਰ ਵਿਚ ਚਿਣੇ ਜਾਣ ਦੀ ਸਜ਼ਾ ਦਿਤੀ, ਫਤਵੇ ਅਨੁਸਾਰ ਜਦ ਉਹ ਕੰਧ ਵਿਚ ਚਿਣਿਆ ਜਾ ਰਿਹਾ ਸੀ ਤਾਂ ਉਸ ਨੇ ਰੱਬ ਅੱਗੇ ਪੁਕਾਰ ਕੀਤੀ। ਜਿਸ ਦਾ ਸਿੱਟਾ ਇਹ ਹੋਇਆ ਕਿ ਦੀਵਾਰ ਧੜੰਮ ਕਰਕੇ ਡਿਗ ਪਈ। ਮਾਲਵੇ ਦੇ ਸੰਤ ਹੁਣ ਤਕ ਇਉਂ ਧਾਰਨਾ ਲਾਉਂਦੇ ਸੁਣੀਂਦੇ ਹਨ—

'ਜਦੋਂ ਸਧਨੇ ਨੇ ਨਾਮ ਉਚਾਰਿਆ, ਧਾੜ ਧਾੜ ਕੰਧਾਂ ਡਿਗ ਪਈਆਂ।'

ਖ਼ੈਰ, ਦੀਵਾਰ ਵਿਚ ਚਿਣੇ ਜਾਣ ਦਾ ਤਰੀਕਾ ਤਸੀਹੇ ਦੇਣ ਦਾ ਸੀ। ਸਾਹਿਬਜ਼ਾਦਿਆਂ ਕਈ ਕਿਸਮ ਦੇ ਤਸੀਹੇ ਸਹਾਰ ਕੇ ਸ਼ਹਾਦਤ ਦਿੱਤੀ ਤੇ ਇਧਰ ਗੁਰੂ ਸਾਹਿਬ ਵੀ ਇਸ ਸ਼ਹੀਦੀ ਸਾਕੇ ਨੂੰ ਸੁਣ ਕੇ ਮੋਹ-ਗ੍ਰਸਤ ਨਹੀਂ ਹੋਏ ਸਗੋਂ ਬੜੇ

ਫਖਰ ਨਾਲ ਕਿਹਾ—

ਇਨ ਪੁਤ੍ਰਨ ਕੇ ਸੀਸ ਪੈ, ਵਾਰ ਦੀਏ ਸੁਤ ਚਾਰ ।
ਚਾਰ ਮੂਏ ਤੋ ਕਿਆ ਭਯਾ, ਜੀਵਤ ਕਈ ਹਜ਼ਾਰ ।

ਇਕ ਗੱਲ ਧਿਆਨ ਯੋਗ ਹੈ, ਜਿਸ ਪਿਤਾ ਦੇ ਚਾਰੇ ਬੱਚੇ ਦੋ ਹਫਤਿਆਂ ਵਿਚ ਇਉਂ ਸ਼ਹੀਦ ਹੋ ਗਏ ਹੋਣ, ਉਸ ਦੇ ਹਿਰਦੇ ਦੀ ਅਵਸਥਾ ਨੂੰ ਸਮਝਣਾ ਸੌਖੀ ਗੱਲ ਨਹੀਂ, ਇਕ ਕਵੀ ਨੇ ਇਹ ਵੇਦਨਾ-ਮਈ ਮਨੋ-ਚਿਤ੍ਰ ਇਕ ਛੰਦ ਵਿਚ ਇਉਂ ਖਿਚਿਆ ਹੈ—

ਖੁਸ਼ੀ ਨਾਲ ਕੁਰਬਾਨੀਆਂ ਦੇਣ ਚਲੇ,
ਜੋੜੀ ਏਸ ਪਾਸੇ ਜੋੜੀ ਓਸ ਪਾਸੇ ।
ਓਸ ਵੇਲੇ ਸਰਕਾਰ ਨੂੰ ਖਿਚ ਹੈਸੀ,
ਥੋੜੀ ਏਸ ਪਾਸੇ ਥੋੜੀ ਓਸ ਪਾਸੇ ।
ਇਹ ਤਾਂ ਕੋਈ ਵੀ ਆਖ ਨਹੀਂ ਸਕਦਾ ਜੇ
'ਜੋੜੀ ਏਸ ਪਾਸੇ ਤੋੜੀ ਓਸ ਪਾਸੇ ।'
ਚਾਰੇ ਲਾਲ ਦਸਮੇਸ਼ ਨੇ ਵਾਰ ਕੇ ਤੇ,
ਤੋੜੀ ਏਸ ਪਾਸੇ ਜੋੜੀ ਓਸ ਪਾਸੇ ।

ਗੁਰੂ ਸਾਹਿਬ ਦੇ ਚਾਰ ਸਾਹਿਬਜ਼ਾਦਿਆਂ ਦੀ ਕੁਰਬਾਨੀ ਅਜੇਹੀ ਬੇਮਿਸਾਲ ਹੈ ਕਿ ਇਸ ਨੇ ਸਭ ਨੂੰ ਪ੍ਰਭਾਵਿਤ ਕੀਤਾ। ਕਿਤਨੇ ਕਵੀਆਂ ਕਲਮਾਂ ਉਠਾਈਆਂ ਕਈ ਕਿੱਸੇ ਲਿਖੇ ਗਏ ਪਰ ਇਹ ਮਜ਼ਮੂਨ ਫਿਰ ਵੀ ਪੁਰਾਣਾ ਨਹੀਂ ਹੋਇਆ ਕੇਵਲ ਪੰਜਾਬੀ ਵਿਚ ਨਹੀਂ ਉਰਦੂ ਅਤੇ ਹਿੰਦੀ ਵਿਚ ਵੀ ਕਈ ਨਜ਼ਮਾਂ ਲਿਖੀਆਂ ਗਈਆਂ। ਹਿੰਦੀ ਦੇ ਪ੍ਰਸਿਧ ਕਵੀ ਮੈਥਲੀ ਸ਼ਰਣ ਗੁਪਤਾ ਨੇ ਇਹਨਾਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਕਿਹਾ ਹੈ—

ਜਿਸ ਕੁਲ ਜਾਤਿ ਦੇਸ਼ ਕੇ ਬੱਚੇ, ਦੇ ਸਕਤੇ ਹੈਂ ਯੋਂ ਬਲੀਦਾਨ ।
ਉਸ ਕਾ ਵਰਤਮਾਨ ਕੁਛ ਭੀ ਹੋ, ਪਰ ਭਵਿਸ਼ਯ ਹੈਂ ਮਹਾਂ ਮਹਾਨ ।
(ਗੁਰੂ ਕੁਲ)

ਮਿਰਜ਼ਾ ਮੁਹੰਮਦ ਅਬਦੁਲ ਗ਼ਨੀ ਨੇ 'ਜੌਹਰਿ ਤੇਗ' ਨਾਂ ਹੇਠ ਵੱਡੇ ਸਾਹਿਬ-ਜ਼ਾਦਿਆਂ ਦੀ ਸ਼ਹੀਦੀ ਲਿਖੀ, ਜਿਸ ਦੇ ਕੁਝ ਸ਼ੇਅਰ ਕਾਫੀ ਪ੍ਰਸਿਧੀ ਰੱਖਦੇ ਹਨ ਤੇ ਅਜੇ ਵੀ ਲੋਕਾਂ ਦੀ ਜ਼ਬਾਨ ਤੇ ਹਨ—

ਮੁਝ ਕੋ ਭੀ ਦੀਜੇ ਹੁਕਮ ਕਿ ਜੌਹਰ ਦਿਖਾਊਂ ਮੈਂ
ਜਾਏ ਬਲਾ ਸੇ ਜਾਨ ਪੇ ਵਾਪਸ ਨ ਆਊਂ ਮੈਂ।
ਜੋਸ਼ ਸੇ ਮੈਦਾਂ ਮੇਂ ਕਦਮ ਕੋ ਬੜ੍ਹਾਊਂ ਮੈਂ।
ਭੂਚਾਲ ਕੀ ਤਰਹ ਸੇ ਜਹਾਂ ਹਲਾਊਂ ਮੈਂ।
ਨਾਮ ਕਾ ਅਜੀਤ ਹੂੰ ਜੀਤਾ ਨਾ ਜਾਊਂਗਾ।
ਜੀਤਾ ਤੋ ਖ਼ੈਰ ਹਾਰ ਕੇ, ਜੀਤਾ ਨਾ ਆਊਂਗਾ।
ਲੜਕੇ ਨੇ ਲੜ ਕੇ ਜਾਨ ਦੀ ਆਖ਼ਰ ਕੋ ਜੰਗ ਮੇਂ।
ਆਯਾ ਥਾ ਹੌਂਸਲੇ ਸੇ ਧਰਮ ਕੀ ਉਮੰਗ ਮੇਂ।

ਬੇਟੇ ਕੇ ਕਤਲ ਹੋਨੇ ਕੀ ਪਹੁੰਚੀ ਜੂੰਹੀ ਖਬਰ।
ਜਾਨਾ ਜਿ ਬਾਪ ਨੇ ਹੂਆ ਕਤਲ ਵੁਹ ਪਿਸਰ।
ਸ਼ੁਕਰ ਅਕਾਲ ਪੁਰਖ ਕਾ ਕੀਆ ਝਟ ਉਠਾ ਕੇ ਸਰ।
ਔਰ ਅਰਜ਼ ਕੀ ਕਿ ਬੰਦਾ ਪੇ ਕ੍ਰਿਪਾ ਕੀ ਕਰ ਨਜ਼ਰ।
ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੂਈ।
ਬੇਟੇ ਕੀ ਜਾਂ ਧਰਮ ਕੀ ਖ਼ਾਤਰ ਫ਼ਿਦਾ ਹੂਈ।

ਉਰਦੂ ਵਿਚ ਇਨ੍ਹਾਂ ਕੁਰਬਾਨੀਆਂ ਦੇ ਕਿੱਸੇ ਨੂੰ ਸਭ ਤੋਂ ਪਹਿਲਾਂ ਸੋਹਣੀ ਤਰ੍ਹਾਂ ਪੇਸ਼ ਕਰਨ ਵਾਲਾ ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ ਹੈ, ਜਿਸ ਨੇ 1913 ਈ, ਵਿਚ 'ਸ਼ਹੀਦਾਨਿ ਵਫ਼ਾ' ਨਾਂ ਹੇਠ ਸਰਹੰਦ ਦਾ ਸਾਕਾ, 1915 ਈ. ਵਿਚ 'ਗੰਜਿ ਸ਼ਹੀਦਾਂ' ਨਾਮ ਹੇਠ ਚਮਕੌਰ ਦਾ ਸਾਕਾ ਕਲਮਬੰਦ ਕੀਤਾ। ਇਹ ਸਿਦਕੀ ਸ਼ਾਇਰ ਗੁਰੂ ਘਰ ਦਾ ਸ਼ਰਧਾਲੂ ਸੀ ਤੇ ਲਾਹੌਰ ਤੋਂ ਉਰਦੂ ਵਿਚ ਇਕ ਰਸਾਲਾ 'ਗਊ ਮਾਤਾ' ਵੀ ਪ੍ਰਕਾਸ਼ਤ ਕੀਤਾ ਕਰਦਾ ਸੀ। ਸੁਰਗਵਾਸੀ ਸ. ਅਮਰ ਸਿੰਘ ਸ਼ੇਰਿ ਪੰਜਾਬ ਐਡੀਟਰ 'ਲਾਇਲ ਗਜ਼ਟ' ਇਸ ਨੂੰ ਹੱਲਾਸ਼ੇਰੀ ਦੇਣ ਵਾਲੇ ਸਨ। ਉਨ੍ਹਾਂ ਦੀ ਪ੍ਰੇਰਨਾ ਤੇ ਹੀ ਇਸ ਨੇ ਇਹ ਸਾਕੇ ਸੁੰਦਰ ਨਜ਼ਮ ਵਿਚ ਲਿਖੇ। ਅਸੀਂ ਇਸ ਦੀਆਂ ਕਾਵਿਕ ਖੂਬੀਆਂ ਦੇ ਵੇਰਵੇ ਵਿਚ ਨਹੀਂ ਜਾਣਾ ਚਾਹੁੰਦੇ। ਪਾਠਕ ਖੁਦ ਦੇਖਣਗੇ ਕਿ ਇਸ ਕਵੀ ਨੇ ਕਿਸ ਖੂਬਸੂਰਤੀ, ਜੋਸ਼, ਸ਼ਰਧਾ ਤੇ ਸਿਦਕ ਨਾਲ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਪੇਸ਼ ਕੀਤਾ ਹੈ।

ਕਵੀ ਦਾ ਇਹ ਮਾਣ ਤੇ ਫ਼ਖ਼ਰ, ਯੋਗ ਹੀ ਹੈ :—

ਅਖ਼ਯਾਰ ਸੇ ਮੁਰਦੋਂ ਕੋ ਭੀ ਜ਼ਿੰਦਾ ਕੀਆ ਮੈਂ ਨੇ ।
ਕਿਤਨੇ ਹੀ ਮਰੀਜ਼ੋਂ ਕੋ ਮਸੀਹਾ ਕੀਆ ਮੈਂ ਨੇ ।
'ਉਰਦੂਇ ਮੁਅੱਲਾ' ਕੋ ਮੁਜੱਲਾ ਕੀਆ ਮੈਂ ਨੇ ।
ਨਾ ਪੈਦ ਥਾ ਜੁ ਰੰਗ ਵੁਹ ਪੈਦਾ ਕੀਆ ਮੈਂ ਨੇ ।
ਤਹਸੀਂ ਲੀਆ ਕਰਤਾ ਹੂੰ ਟੂਟੇ ਹੂਏ ਦਿਲ ਸੇ ।
ਬਸ ਇਸ਼ਕ ਕੇ ਮਾਰੇ ਹੂਏ ਲੂਟੇ ਹੂਏ ਦਿਲ ਸੇ । 63 ।

[ਗੰਜਿ ਸ਼ਹੀਦਾਂ

ਇਹ ਅਮੋਲਕ ਰਚ ਾਵਾਂ, ਪੰਜਾਹ ਕੁ ਵਰ੍ਹੇ ਹੋਏ, ਉਰਦੂ ਵਿਚ ਛਪੀਆਂ ਸਨ ਤੇ ਹੁਣ ਇਹ ਉਰਦੂ ਵਿਚ ਵੀ ਪ੍ਰਾਪਤ ਨਹੀਂ । ਪੰਜਾਬੀ ਪਾਠਕਾਂ ਦੇ ਲਾਭ ਲਈ ਅਸੀਂ ਇਨ੍ਹਾਂ ਦਾ ਗੁਰਮੁਖੀ ਵਿਚ ਲਿਪਿਅੰਤਰ ਕਰਕੇ ਨਾਲ ਨਾਲ ਔਖੇ ਸ਼ਬਦਾਂ ਦੇ ਅਰਥ ਵੀ ਬਰਾਬਰ ਹੀ ਦੇ ਦਿਤੇ ਹਨ । ਆਸ ਹੈ ਸਾਹਿਤ-ਪ੍ਰੇਮੀ ਤੇ ਇਤਿਹਾਸ-ਪ੍ਰੇਮੀ ਦੋਵੇਂ ਇਸ ਦਾ ਲਾਭ ਉਠਾਉਣਗੇ ।

ਕਲਮ ਮੰਦਿਰ,]
ਪਟਿਆਲਾ ।] ਪਿਆਰਾ ਸਿੰਘ ਪਦਮ
1967 ਈ.

***

(੧) ਗੰਜਿ ਸ਼ਹੀਦਾਂ

(੨) ਸ਼ਹੀਦਾਨਿ ਵਫ਼ਾ

ਰਚਿਤ

ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ

(੧)

ਗੰਜਿ ਸ਼ਹੀਦਾਂ

1

ਜਿਸ ਦਮ ਹੂਏ ਚਮਕੌਰ ਮੇਂ ਸਿੰਘੋਂ ਕੇ ਉਤਾਰੇ
ਝੁੱਲਾਏ ਹੂਏ ਸ਼ੇਰ ਥੇ ਸਭ 'ਗੈਜ਼' ਕੇ ਮਾਰੇ — ਗੁੱਸਾ
ਆਖੋਂ ਸੇ ਨਿਕਲਤੇ ਥੇ ਦਲੇਰੋਂ ਕੇ 'ਸ਼ਰਾਰੇ' — ਚੰਗਿਆੜੇ
ਸਤਿਗੁਰ ਕੇ ਸਿਵਾ ਔਰ ਗਜ਼ਬਨਾਕ ਥੇ ਸਾਰੇ
ਗੁੱਸੇ ਸੇ ਨਜ਼ਰ ਜਾਤੀ ਥੀ 'ਅਫਵਾਜਿ ਅਦੂ' ਪਰ — ਸ਼ਤਰੂ ਸੈਨਾ
ਤੇਗੋ ਸੇ ਨਿਗਾਹ ਪੜਤੀ ਥੀ ਦੁਸ਼ਮਨ ਕੇ 'ਗਲੂ' ਪਰ ।

2

ਜਬ ਦੂਰ ਸੇ ਦਰਿਆ ਕੇ ਕਿਨਾਰੇ ਨਜ਼ਰ ਆਏ ।
ਡੂਬੇ ਹੂਏ ਸਰਸਾ ਮੇਂ ਪਿਆਰੇ ਨਜ਼ਰ ਆਏ ।
ਯੇਹ ਦੇਖਕੇ ਬਿਗੜੇ ਹੂਏ ਸਾਰੇ ਨਜ਼ਰ ਆਏ ।
ਬਿਫਰੇ ਹੂਏ ਸਤਿਗੁਰ ਕੇ ਦੁਲਾਰੇ ਨਜ਼ਰ ਆਏ ।
ਕਹਿਤੇ ਥੇ ਇਜਾਜ਼ਤ ਨਹੀਂ ਹੈ ਹਮੇਂ ਰਨ ਕੀ ।
ਮੱਟੀ ਤਕ ਉੜਾ ਸਕਤੇ ਹੈਂ, ਦੁਸ਼ਮਨ ਕੇ ਚਮਨ ਕੀ ।

3

ਤੂਫਾਂ-ਜ਼ਦਾ ਦਰਿਆ ਕੋ ਅਭੀ ਪਾਰ ਕਰੇਂਗੇ
ਠੋਕਰ ਸੇ ਹਰ ਇਕ ਮੌਜ ਕੋ ਹਮਵਾਰ ਕਰੇਂਗੇ
ਬਦ-ਅਹਿਦ ਸਿਤਮਗਾਰੋਂ ਸੇ 'ਪੈਕਾਰ' ਕਰੇਂਗੇ — ਜੰਗ
ਹਮ ਦੋਨੋਂ ਤੋ ਦਸ ਲਾਖ ਕੋ 'ਫ਼ਿੱਨਾਰ' ਕਰੇਂਗੇ — ਤਬਾਹ
ਦਾਦੀ ਹੈ ਕਿਧਰ ਮਾਏਂ ਕਿਧਰ, ਭਾਈ ਕਹਾਂ ਹੈ ?
ਆਖੋਂ ਸੇ ਕਈ ਖ਼ਾਲਸੇ ਪਿਆਰੇ ਛੀ ਨਿਹਾਂ ਹੈ ? — ਛੁਪੇ

4

ਧੋਖਾ ਦੀਆ ਹਰ ਸਿੰਘ ਕੋ 'ਪੈਮਾਂ-ਸ਼ਿਕਨੋਂ' ਨੇ   ਬਚਨ-ਭੰਗੀ
ਬੇ-ਮਿਹਰੋਂ ਨੇ ਬੇ-ਧਰਮੋਂ ਨੇ ਈਮਾਂ-ਸ਼ਿਕਨੋਂ ਨੇ   ਧਰਮਭ੍ਰਸ਼ਟ
ਜਬ ਇਤਨਾ ਕਹਾ 'ਜ਼ੁਲ' ਦੀਆਂ ਅਹਿਸਾਂ-ਸ਼ਿਕਨੋਂ ਨੇ   ਫਰੇਬ
'ਪੇਸ਼ਾਨੀ ਪਿ ਬਲ ਡਾਲੇ ਪਰੇਸ਼ਾਂ ਸ਼ਿਕਨੋਂ ਨੇ   ਮੱਥਾ
ਥੇ ਚੀਂ ਬਜ਼ਬੀਂ ਲਹਿਰਯਾ ਸ਼ੀਸ਼ੇ ਮੇਂ ਪੜੀ ਥੀ ।
ਮਾਥੇ ਪੈ ਪਸੀਨਾ ਥਾ, ਯਾ 'ਅਫਸ਼ਾਂ' ਸੀ ਜੜੀ ਥੀ ।   ਕਣੀਆਂ

5

ਇਤਨੇ ਮੇਂ ਮੁਖਾਤਿਬ ਹੂਏ ਸਤਿਗੁਰ ਗੁਰੂ ਗੋਬਿੰਦ
ਵੋਹ ਸਾਬਰੋ ਸ਼ਾਕਰ ਵੁਹ ਬਹਾਦਰ ਗੁਰੂ ਗੋਬਿੰਦ
ਰਸਤੇ ਮੇਂ ਗੰਵਾ ਆਏ ਥੇ ਦੋ 'ਦੁਰ' ਗੁਰੂ ਗੋਬਿੰਦ   ਮੋਤੀ
ਥੇ ਗ਼ਮ ਕੀ ਜਗਹ ਸ਼ਾਂਤੀ ਸੇ ਪੁਰ ਗੁਰੂ ਗੋਬਿੰਦ
ਫੁਰਮਾਏ ਵੁਹ ਸਭ ਸੇ ਨਹੀਂ ਮੌਕਾ ਯਿਹ ਗ਼ਜ਼ਬ ਕਾ ।
ਪੂਰਾ ਯਹੀਂ ਕੱਲ ਹੋਗਾ, ਇਰਾਦਾ ਮੇਰੇ ਰੱਬ ਕਾ ।

6

ਜਿਸ ਖਿੱਤੇ ਮੇਂ ਹਮ ਕਹਤੇ ਥੇ, ਆਨਾ ਯਿ ਵੁਹੀ ਹੈ
ਕੱਲ ਲੁਟ ਕੇ ਹੈ ਜਿਸ ਜਗਹ ਸੇ ਜਾਨਾ ਯਿ ਵੁਹੀ ਹੈ
ਜਿਸ ਜਾ ਪੈ ਬੱਚੋਂ ਕੇ ਕਟਾਨਾ ਯਿ ਵੁਹੀ ਹੈ
ਮੱਟੀ ਕਹੇ ਦੇਤੀ ਹੈ ਠਿਕਾਨਾ ਯਿ ਵੁਹੀ ਹੈ ।
ਇਕ ਮੋਰਚੇ ਮੇਂ ਫਿਰ ਵਹੀਂ ਸਰਕਾਰ ਦਰ ਆਏ ।
ਜਾ ਪਹੁੰਚੇ ਅਕਾਲੀ ਵਹੀਂ ਸਤਿਗੁਰ ਜਿਧਰ ਆਏ ।

7

ਜਬ ਕਿਲਾ ਮੇਂ ਜਾ ਉਤਰੀ ਥੀ ਸਤਿਗੁਰ ਕੀ ਸਵਾਰੀ
'ਵਾਹਿਗੁਰੂ ਕੀ ਫਤਹਿ' ਤਬ ਦਲੇਰੋਂ ਨੇ ਪੁਕਾਰੀ
ਵੁਹ 'ਹੁਮਹੁਮਾ' ਸ਼ੇਰੋਂ ਕਾ ਵੁਹ ਆਵਾਜ਼ ਥੀ ਭਾਰੀ   ਚੜ੍ਹਤ
ਥਰ ਥਰਾ ਗਿਆ ਚਮਕੌਰ ਹੂਆ 'ਜ਼ਲਜ਼ਲਾ' ਥੀ ਭਾਰੀ   ਭੁਚਾਲ
'ਸਕਤੇ' ਮੇਂ ਖੁਦਾਈ ਥੀ ਤੋ ਹੈਰਤ ਮੇਂ ਜਹਾਂ ਥਾ ।   ਸੁੰਨ
ਨਾਅਰਾ ਸੇ ਹੂਆ ਚਰਖ ਭੀ 'ਸਾਕਿਨ' ਯਿ ਗੁਮਾਂ ਥਾ ।   ਅਹਿੱਲ

8

ਖ਼ੈਮੇ ਕੀਏ 'ਇਸਤਾਦਹ' ਵਹੀਂ ਉਠਕੇ ਕਿਸੀ ਨੇ ਖੜੇ
ਖੋਲ੍ਹੀ ਕਰਮ ਆਰਾਮ ਕੋ ਹਰ ਏਕ 'ਜਰੀ' ਨੇ ਜੋਧਾ
ਰਹਿਰਾਸ ਕਾ ਦੀਵਾਨ ਸਜਾਇਆ ਗੁਰੂ ਜੀ ਨੇ
ਮਿਲਜੁਲ ਕਰ ਸਰੇ ਸ਼ਾਮ ਭਜਨ ਗਾਇਆ ਸਭੀ ਨੇ
ਖਾਨਾ ਕਈ ਵਕਤੋਂ ਮੇ 'ਮੁਯੱਸਰ' ਨ ਥਾ ਆਇਆ। ਪ੍ਰਾਪਤ
ਇਸ ਸ਼ਾਮ ਭੀ ਸ਼ੇਰੋਂ ਨੇ ਕੜਾਕਾ ਹੀ ਉਠਾਇਆ।

9

ਕੁਛ ਲੇਟ ਗਏ ਖ਼ਾਕ ਪਿ 'ਜ਼ੀਂ-ਪੋਸ਼' ਬਿਛਾ ਕਰ ਘੋੜੇ ਦਾ ਜ਼ੀਨ
ਪਹਰਾ ਲਗਾ ਦੇਨੇ ਕੁਈ ਤਲਵਾਰ ਉਠਾ ਕਰ
ਗੋਬਿੰਦ ਭੀ 'ਸ਼ਬ ਬਾਸ਼' ਹੂਏ ਖ਼ੈਮਾ ਮੇਂ ਜਾਕਰ ਰਾਤ੍ਰੀ-ਵਿਸ਼ਰਾਮ
ਦੇਖਾ ਤੋ ਵਹਾਂ ਬੈਠੇ ਹੈਂ ਗਰਦਨ ਕੋ ਝੁਕਾ ਕਰ
ਵਾਹਿਗੁਰੂ, ਵਾਹਿਗੁਰੂ ਹੈ ਮੂੰਹ ਸੇ ਨਿਕਲਤਾ।
ਹੈਂ ਤੂੰ ਹੀ ਤੂੰ, ਤੂਹੀ ਤੂ, ਹੈ ਮੂੰਹ ਸੇ ਨਿਕਲਤਾ।

10

ਜਬ ਡੇਢ੍ਹ ਘੜੀ ਰਾਤ ਗਈ 'ਜ਼ਿਕਰਿ ਖ਼ੁਦਾ' ਮੇਂ ਰੱਬੀ ਯਾਦ
ਖ਼ੈਮੇ ਸੇ ਨਿਕਲ ਆਏ ਸਰਕਾਰ ਹਵਾ ਮੇਂ
ਕਦਮੋਂ ਸੇ ਟਹਿਲਤੇ ਥੇ ਮਗਰ ਦਿਲ ਥਾ 'ਦੁਆ' ਮੇਂ ਅਰਦਾਸ
ਬੋਲੇ, 'ਐ ਖ਼ੁਦਾਵੰਦ ! ਹੂੰ ਖ਼ੁਸ਼ ਤੇਰੀ ਰਜ਼ਾ ਮੇਂ
ਕਰਤਾਰ ਸੇ ਕਹਿਤੇ ਥੇ ਗੋਇਆ 'ਰੂਬਰੂ' ਹੋ ਕਰ ਸਨਮੁਖ
'ਕੱਲ ਜਾਊਂਗਾ ਚਮਕੌਰ ਸੇ ਮੈਂ ਸੁਰਖ਼ਰੂ ਹੋ ਕਰ।'

11

'ਮੈਂ ਤੇਰਾ ਹੂੰ ਬੱਚੇ ਭੀ ਮਿਰੇ ਤੇਰੇ ਹੈਂ ਮੌਲਾ
ਥੇ ਤੇਰੇ ਹੀ, ਹੈਂ ਤੇਰੇ, ਰਹੇਂਗੇ ਤੇਰੇ ਦਾਤਾ
ਜਿਸ ਹਾਲ ਮੇਂ ਰਖੇਂ ਤੂ ਵਹੀ ਹਾਲ ਹੈ ਅੱਛਾ
'ਜੁਜ਼' ਸ਼ੁਕਰ ਆਨੇ ਕਾ ਜ਼ੁਬਾਂ ਪਰ ਨਹੀਂ ਸ਼ਿਕਵਾ ਬਿਨਾ
ਲੇਟੇ ਹੂਏ ਹੈਂ ਖਾਲਸਾ ਜੀ ਆਜ ਜ਼ਿਮੀਂ ਪਰ।
ਕਿਸ ਤਰਹ ਸੇ ਚੈਨ ਆਏ ਹਮੇਂ 'ਸ਼ਾਹਿ-ਨਸ਼ੀ' ਪਰ। ਸ਼ਾਹੀ ਆਸਣ

12

ਜਿਹ ਕਹਕੇ ਗੁਰੂ 'ਲਸ਼ਕਰਿ ਖ਼ੁਫਤਾ' ਮੇਂ ਦਰ ਆਏ   ਸੁੱਤੀ ਫੌਜ
ਪਹਰੇ ਪੇ ਜਵਾਂ ਊਂਘਤੇ ਅਕਸਰ ਨਜ਼ਰ ਆਏ
ਯੂੰ ਹਰ ਜਗ੍ਹਾ ਖਾਮੋਸ਼ ਗਏ, ਬੇਖ਼ਬਰ ਆਏ
ਸੋਏ ਹੂਏ ਬੱਚੋਂ ਕੇ 'ਕਰੀਂ' ਜੂੰ ਪਿਦਰ ਆਏ   ਪਾਸ
ਗਰਜ਼ਿ ਕਿ ਦਬੇ ਪਾਉਂ ਟਹਲਨੇ ਲਗੇ ਸਤਿਗੁਰ ।
ਭਗਤੀ ਸੇ ਮੁਰੀਦੋਂ ਕੀ, ਬਹਲਨੇ ਲਗੇ ਸਤਿਗੁਰ ।

13

ਸਾਫੇ ਕਭੀ ਸਿੰਘੋਂ ਕੇ ਉਠਾਤੇ ਥੇ ਜ਼ਿਮੀਂ ਸੇ
ਕੇਸ ਉਸਕੇ ਜੁ ਝਾੜੇ ਤੋਂ ਲੀ ਖਾਕ ਉਸਕੀ 'ਜ਼ਬੀਂ' ਸੇ   ਮਸਤਕ
ਸਰ ਠੀਕ ਕੀਏ ਸਰਕੇ ਹੂਏ 'ਬਾਲਸ਼ਿ' ਜ਼ੀਂ ਸੇ   ਕਾਠੀ ਦੇ ਤਕੀਏ
ਤਰਤੀਬ ਦੀ ਹਰ ਚੀਜ਼ ਕੋ ਲਾ ਲਾ ਕੇ ਕਹੀਂ ਸੇ
ਹਾਸ਼ਾ ! ਕਿਸੀ ਮੁਰਸ਼ਦ ਮੇਂ 'ਅਸਯਾਰ' ਨਹੀਂ ਹੈ ।   ਪਰਸੁਆਰਥ
ਜਿਹ ਪਿਆਰ ਕਿਸੀ ਪੀਰ ਮੇਂ 'ਜ਼ਿਨਹਾਰ' ਨਹੀਂ ਹੈ ।   ਹਰਗਿਜ਼

14

ਥੇ ਦੇਖਤੇ ਹਰ ਇਕ ਕੋ 'ਦੀਦਾਏ' ਤਰ ਸੇ
ਉਲਫਤ ਕੀ ਨਿਗਾਹੋਂ ਸੇ ਮੁਹੱਬਤ ਕੀ ਨਜ਼ਰ ਸੇ   ਸਜਲ
ਬਾਂਧੇ ਹੂਏ ਪਟਕਾ ਪਏ ਖਿਦਮਤ ਥੇ ਕਮਰ ਸੇ
ਥਾ ਜਾਗਤਾ ਕੋਈ ਤੋ ਸਰਕ ਜਾਤੇ ਥੇ ਸਰ ਸੇ
ਨਫਰਤ ਥੀ ਯਾਂ ਤਕ ਸ਼ਹਿ ਵਾਲਾ ਕੋ 'ਰਿਆ' ਸੇ ।   ਦਿਖਾਵਾ
ਨੇਕੀ ਕੋ ਛੁਪਾਤੇ ਥੇ ਸਦਾ 'ਮਾਓ ਸ਼ੁਮਾ' ਸੇ ।   ਲੋਕਾਂ ਪਾਸੋਂ

15

ਜਿਨ ਸਿੰਘੋਂ ਨੇ ਕੱਲ ਮੌਤ ਕੇ ਸਾਹਿਲ ਥਾ ਉਤਰਨਾ ।
ਕੱਲ ਸੁਬਹ ਥਾ ਜਿਨ ਖਾਲਸੋਂ ਨੇ ਜੰਗ ਮੇਂ ਮਰਨਾ
ਬਾਲੀਂ ਸੇ ਸ਼ਹੀਦੋਂ ਕੇ ਹੂਆ ਜਬਕਿ ਗੁਜ਼ਰਨਾ
ਮੁਸ਼ਕਲ ਹੂਆ ਇਸ ਜਾ ਸੇ ਕਦਮ ਆਗੇ ਕੋ ਧਰਨਾ ।
ਚੂਮਾ ਕਭੀ 'ਹਲਕੂਮ' 'ਦਹਨ' ਚੂਮਨੇ ਬੈਠੇ ।   ਗਲ, ਮੂੰਹ
ਜਬ 'ਪਾਇਤੀ' ਆਏ ਤੋ ਚਰਨ ਚੂਮਨੇ ਬੈਠੇ ।   ਪੈਂਦ ਵਲ

16

ਫ਼ੁਰਮਾਇਆ, 'ਸਹਰ' ਸੇ ਯਿਹ ਹੁਸ਼ਿਆਰ ਨ ਹੋਂਗੇ ਤੜਕਸਾਰ
ਅਬ ਸੋ ਕੇ ਯਿ ਫਿਰ ਨੀਂਦ ਸੇ ਬੇਦਾਰ ਨ ਹੋਂਗੇ
ਹਮ ਹੋਂਗੇ ਮੁਸੀਬਤ ਮੇਂ ਮਗਰ ਯਾਰ ਨ ਹੋਂਗੇ
ਜੋ ਸਿੰਘ ਪਿਆਰੇ ਯਿਹ ਵਫ਼ਾਦਾਰ ਨ ਹੋਂਗੇ
ਸੋਏ ਹੋਏ ਸ਼ੇਰੋਂ ਕੋ ਗਲੇ ਅਪਨੇ ਲਗਾਇਆ।
ਸਤਿਗੁਰ ਨੇ ਦਲੇਰੋਂ ਕੋ ਗਲੇ ਅਪਨੇ ਲਗਾਇਆ।

17

ਇਨਸਾਨ ਕਰੇ ਜੀ ਮੇਂ ਜ਼ਮਾਨਾ ਤੋਂ ਯਕੀਂ ਹੈ।
ਕਹਿ ਦੋ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਯਹ ਪਿਆਰ ਮੁਰੀਦੋਂ ਸੇ ਯੇਹ 'ਸ਼ਫਕਤ' ਭੀ ਕਹੀਂ ਹੈ ? ਕ੍ਰਿਪਾਲਤਾ
ਭਗਤੀ ਮੇਂ ਗੁਰੂ ਅਰਸ਼, ਸੰਸਾਰ ਜ਼ਿਮੀਂ ਹੈ।
ਉਲਫ਼ਤ ਕੇ ਜਜ਼ਬੇ ਨਹੀਂ ਦੇਖੇ ਕਹੀਂ ਹਮ ਨੇ।
ਹੈ ਦੇਖਨਾ ਇਕ ਬਾਤ ਸੁਨੇ ਭੀ ਨਹੀਂ ਹਮ ਨੇ।

18

ਕਰਤਾਰ ਕੀ ਸੌਗੰਦ ਹੈ ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ।
'ਹਰ ਚੰਦ' ਮਿਰੇ ਹਾਥ ਮੇਂ ਪੁਰਜ਼ੋਰ ਕਲਮ ਹੈ। ਭਾਵੇਂ
ਸਤਿਗੁਰ ਕੇ ਲਿਖੂੰ ਵਸਫ਼ ਕਹਾਂ 'ਤਾਬਿ ਰਕਮ' ਹੈ। ਲਿਖਣ-ਸ਼ਕਤੀ
ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਿਰ ਕੋ ਦੇਖੇ। ਸਾਗਰ
ਸਾਹਿਲ ਕੋ ਯਾ ਮੰਝਧਾਰ ਕੋ ਯਾ ਲਹਿਰ ਕੋ ਦੇਖੇ।

19

ਮੱਦਾਹ ਹੂੰ ਨਾਨਕ ਕਾ 'ਸਨਾ ਖ਼੍ਵਾਹ' ਹੂੰ ਤੇਰਾ। ਜਸ ਗਾਉਣ ਵਾਲਾ
'ਪਿਨਹਾਂ' ਹੂੰ ਤੋ ਤੇਰਾ ਹੂੰ ਨੁਮਾਯਾ ਹੂੰ ਤੋ ਤੇਰਾ।
ਸਾਦਾਂ ਹੂੰ ਤੋ ਤੇਰਾ ਹੂੰ ਸਨਾ-ਖ਼ਵਾਹ ਹੂੰ ਤੋ ਤੇਰਾ।
ਹਿੰਦੂ ਹੂੰ ਤੋ ਤੇਰਾ ਹੂੰ ਮੁਸਲਮਾਂ ਹੂੰ ਤੋ ਤੇਰਾ।
ਕੁਰਬਾਨੀਆਂ ਕੀ ਤੂ ਬਹੁਤ ਰਾਹੇ ਖ਼ੁਦਾ ਮੇਂ।
ਦਰਜਾ ਹੈ ਤਿਰਾ ਖ਼ਾਸ ਹੀ ਖ਼ਾਸਾਨੇ ਖ਼ੁਦਾ ਮੇਂ।

20

ਐ ਸ਼ਤਿਗੁਰੂ ਗੋਬਿੰਦ ! ਤੂੰ ਵੁਹ 'ਅਬਰਿ ਕਰਮ' ਹੈ — ਬਖ਼ਸ਼ਿਸ਼ ਦਾ ਮੇਘ
ਐ ਸਤਿਗੁਰੂ ਗੋਬਿੰਦ ! ਤੂੰ ਵੁਹ 'ਅਬਰਿ ਹਮਮ ਹੈ — ਉਤਸ਼ਾਹ
ਸਾਨੀ ਤੇਰਾ ਦਾਰਾ ਥਾ ਨ ਸਿਕੰਦਰ ਹੈ ਨ 'ਜਮ' ਹੈ — ਜਮਸ਼ੈਦ
ਖਾਤਾ ਤੇਰੇ ਕਦਮੋਂ ਕੀ ਫਰੀਦੂੰ ਭੀ ਕਸਮ ਹੈ

ਹਾਤਮ ਕਾ 'ਸਖਾਵਤ' ਸੇ ਅਗਰ ਨਾਮ ਭੁਲਾਇਆ । — ਦਾਨ
'ਜ਼ੁਰਅਤ' ਸੇ ਹਮੇਂ ਰੁਸਤਮੇਂ ਬਹਿਰਾਮ ਭੁਲਾਇਆ । — ਦਲੇਰੀ

21

ਕਿਸ ਸ਼ਾਨ ਕਾ ਰੁਤਬਾ ਤਿਰਾ ਅੱਲਾਹੁ ਗ਼ਨੀ ਹੈ
ਮਸਕੀਨ ਗ਼ਰੀਬੋਂ ਮੇਂ ਦਲੇਰੋਂ ਮੇਂ 'ਜਰੀਂ' ਹੈ — ਜੋਧਾ
ਅੰਗਦ ਹੈ ਅਮਰਦਾਸ ਅਰਜਨ ਭੀ ਤੂ ਹੀ ਹੈ
ਨਾਨਕ ਸੇ ਲੇ, ਤਾ ਤੇਗ਼ ਬਹਾਦਰ ਤੂ ਸਭੀ ਹੈ

ਤੀਰਥ ਨਹੀਂ ਕੋਈ ਰੂਇ ਰੋਸ਼ਨ ਕੇ ਬਰਾਬਰ ।
ਦਰਸ਼ਨ ਤਿਰੇ ਦਸ ਗੁਰੂਓਂ ਕੇ ਦਰਸ਼ਨ ਕੇ ਬਰਾਬਰ ।

22

ਕਿਸ ਸਬਰ ਸੇ ਹਰ ਏਕ ਕੜੀ ਤੂ ਨੇ ਉਠਾਈ
ਕਿਸ ਸ਼ੁਕਰ ਸੇ ਹਰ ਚੋਟ ਕਲੇਜੇ ਪੈ ਹੈ ਖਾਈ
ਵਾਲਦ ਕੋ ਕਟਾਇਆ ਕਬੀ ਔਲਾਦ ਕਟਾਈ
ਕੀ ਫ਼ਿਕਰ ਮੇਂ ਫਾਕੇ ਮੇਂ ਹਜ਼ਾਰੋਂ ਸੇ ਲੜਾਈ

ਹਿੰਮਤ ਸੇ ਤਿਰੀ ਸਭ ਸੇ 'ਸਲਾਤੀਨ' ਲਰਜ਼ਤੇ । — ਬਾਦਸ਼ਾਹ
ਜੁਰਅਤ ਸੇ ਤਿਰੀ ਲੋਗ ਥੇ ਤਾ ਚੀਨ 'ਲਰਜ਼ਤੇ' । — ਕੰਬਦੇ

23

'ਆਦਾ' ਨੇ ਕਭੀ ਤੁਝ ਕੋ ਸੰਭਲਨੇ ਨਾ ਦੀਆ ਥਾ — ਵੈਰੀ
ਆਰਾਮ ਸੇ ਪਹਿਲੂ ਕੋ ਬਦਲਨੇ ਨਾ ਦੀਆ ਥਾ
ਗੁਲਸ਼ਨ ਕੋ ਤਿਰੇ ਫੂਲਨੇ ਫਲਨੇ ਨਾ ਦੀਆ ਥਾ
ਕਾਂਟਾ ਦਿਲਿ ਪੁਰ, ਖ਼ੂੰ ਸੇ ਨਿਕਲਨੇ ਨਾ ਦੀਆ ਥਾ

ਜਿਸ ਰਨ ਮੇਂ ਲੜਾ ਬੇਸਰੋ ਸਾਮਾਨ ਲੜਾ ਤੂ ।
ਸੌ ਸਿੰਘ ਲੀਏ ਲਾਖੋਂ ਪੈ ਜਾ ਜਾ ਕੇ ਪੜਾ ਤੂ ।

24

'ਜ਼ਕ' ਦੀ ਕਬੀ ਨੱਵਾਬ ਕੋ ਰਾਜੋਂ ਕੋ ਭਗਾਯਾ — ਹਾਰ
ਮੈਦਾਂ ਮੇਂ ਮੁਕਾਬਿਲ ਜੁ ਹੂਆ ਮਾਰ ਗਿਰਾਯਾ
ਘਮਸਾਨ ਮੇਂ ਜਬ ਆਨ ਕੇ ਤੇਗੋਂ ਕੋ ਫਿਰਾਯਾ
ਫਿਰ ਕਰ ਦੀਆ ਇਕ ਆਨ ਮੇਂ ਲਸ਼ਕਰ ਕਾ ਸਫਾਯਾ
ਕੱਲ ਕਹਤੇ ਹੈਂ ਚਮਕੌਰ ਮੇਂ ਫਿਰ 'ਖੇਤ' ਪੜੇਗਾ। — ਜੁੱਧ
ਗੋਬਿੰਦ 'ਸਹਰ' ਹੋਤੇ ਹੀ ਲਾਖੋਂ ਸੇ ਲੜੇਗਾ। — ਸਵੇਰ

25

ਬਾਕੀ ਥੀ ਘੜੀ ਰਾਤ ਗੁਰੂ ਖ਼ੇਮੇ ਮੇਂ ਆਏ
ਸ਼ਹਿਜ਼ਾਦੇ ਯਹਾਂ ਦੋਨੋਂ ਹੀ ਸੋਤੇ ਹੂਏ ਪਾਏ
ਦੋਨੋਂ ਕੇ ਰੁਖਿ ਪਾਸ ਸੇ ਕੇਸ ਜੋ ਹਟਾਏ
'ਅਲਫਾਕ' ਨੇ ਸ਼ਰਮਾ ਕੇ ਮਹੋ ਮਹਰ ਛਿਪਾਏ — ਅਸਮਾਨ
ਸਤਿਗੁਰੂ ਨੇ ਦਹਨ ਜਬ ਦਹਨ ਪਾਕ ਪੇ ਰੱਖਾ। — ਮੁਖੜਾ
ਕੁਮਲਾ ਕੇ ਹਰ ਇਕ ਫੂਲ ਨੇ ਸਰ ਖ਼ਾਕ ਪੇ ਰੱਖਾ।

26

ਮਰਘਟ ਕੀ ਤਰਹ ਇਸ ਘੜੀ ਸੁੰਨਸਾਨ ਜ਼ਿਮੀਂ ਥੀ
ਖਾਮੋਸ਼ੀ ਸੀ ਛਾਈ ਹੂਈ ਤਾ 'ਅਰਸ਼ਿ ਬਰੀਂ' ਥੀ — ਉਚੇ ਗਗਨੀਂ
ਵੈਰਾਨੀ ਥੀ ਐਸੀ ਨ ਉਦਾਸੀ ਯੇ ਕਹੀਂ ਥੀ
ਆਫਤ ਥੀ ਬਲਾ ਥੀ ਯੌਹ, ਕੋਈ ਰਾਤ ਨਹੀਂ ਥੀ
ਦੁਨੀਆਂ ਪੇ ਥਾ ਛਾਇਆ ਹੂਆ ਇਸ ਤਰਹ ਅੰਧੇਰਾ।
ਲੁਕ ਗੇਂਦ ਪੇ ਮਿਟੀ ਕੀ ਹੋ ਜਿਸ ਤਰਹ ਸੇ ਫੇਰਾ।

27

ਤਾਰੇ ਭੀ ਚਮਕਤੇ ਥੇ ਮਗਰ ਰਾਤ ਥੀ ਕਾਲੀ
ਘਟ ਘਟ ਕੇ ਹੁਆ 'ਮਾਹ' ਦੋ ਹਫਤਾ ਥਾ ਹਲਾਲੀ — ਚੰਦ
ਅੰਗੁਸ਼ਤ ਦਹਨ ਮੇਂ ਥੀ ਫਲਕ ਨੇ ਗੋਯਾ ਡਾਲੀ — ਉਂਗਲੀ ਮੂੰਹ ਵਿਚ
ਅਫਸੋਸ ਮੇਂ ਸਤਿਗੁਰ ਕੇ ਯਹ ਸੂਰਤ ਥੀ ਬਨਾ ਲੀ
ਹਸਰਤ ਥੇ ਸਭੀ ਕਲਗੀਓਂ ਵਾਲੇ ਕੋ ਥੇ ਤਕਤੇ।
ਆਂਖੋਂ ਮੇਂ ਸਿਤਾਰੋਂ ਕੇ ਭੀ ਆਂਸੂ ਥੇ ਝਲਕਤੇ।

28

ਸੋਏ ਹੁਏ ਬੱਚੋਂ ਕੋ ਕਹਾ ਸਰ ਕੋ ਪਕੜ ਕਰ
ਚਲ ਦੋ ਗੇ ਅਬ 'ਅੱਬਾ' ਕੋ ਮੁਸੀਬਤ ਮੇਂ ਜਕੜ ਕਰ ਪਿਤਾ
ਥੀ ਜ਼ਿੰਦਗੀ ਲਿਖੀ ਹੂਈ ਕਿਸਮਤ ਨੇ ਉਜੜ ਕਰ
ਫਿਰ ਮਿਲਨੇ ਕਾ ਵਾਅਦਾ ਤੋ ਕੀਏ ਜਾਓ ਵਿਛੜ ਕਰ
ਥੇ ਚਾਰ, ਹੋ ਅਬ ਦੋ ਹੀ 'ਸਹਰ' ਯਿਹ ਭੀ ਨ ਹੋਂਗੇ। ਸਵੇਰੇ
ਹਮ ਸਬਰ ਕਰੇਂਗੇ ਜੁ ਅਗਰ ਯਿਹ ਭੀ ਨਾ ਹੋਂਗੇ।

29

ਫ਼ੁਰਮਾਤੇ ਥੇ 'ਕੱਲ ਦੋਨੋਂ' ਹੀ ਪਰਵਾਨ ਚੜ੍ਹੋਗੇ
ਦੁਖ ਭੋਗੇਂਗੇ ਹਮ 'ਖੁਲਦ' ਮੇਂ ਤੁਮ ਚੈਨ ਕਰੋਗੇ ਬਹਿਸ਼ਤ
ਹੋਤੇ ਹੀ ਸਹਰ ਦਾਗ਼ਿ ਜੁਦਾਈ ਹਮੇਂ ਦੋ ਗੇ
ਸੁਪਨੇ ਮੇਂ ਖਬਰ ਆ ਕੇ ਕਭੀ ਬਾਪ ਕੀ ਲੋ ਗੇ
ਐ ਪਿਆਰੇ ਅਜੀਤ ! ਐ ਮੇਰੇ ਜੁਝਾਰ ਪਿਆਰੇ !
ਹਮ ਕਹਤੇ ਹੈਂ ਕੁਛ, ਸੁਨਤੇ ਹੋ ਦਿਲਦਾਰ ਪਿਆਰੇ ?

30

'ਮਾਸੂਮ ਹੋ ਮਜ਼ਲੂਮ ਹੋ ਦੁਨੀਆਂ ਸੇ ਭਲੇ ਹੋ
ਲਖਤੇ ਦਿਲ ਗੋਬਿੰਦ ਹੋ, ਨਾਜ਼ੋਂ ਸੇ ਪਲੇ ਹੋ
ਦੁਨੀਆ ਹੁਈ ਅੰਧੇਰ ਜਬ ਆਂਖੋਂ ਸੇ ਟਲੇ ਹੋ
ਘਰ ਬਾਰ ਲੁਟਾ ਬਾਪ ਕਟਾ ਤੁਮ ਭੀ ਚਲੇ ਹੋ
ਬੱਚੇ ਇਸੀ ਹਾਲਤ ਮੇਂ ਅਬ ਸੋਏ ਪੜੇ ਥੇ।
ਸਜਲ ਨੈਣ ਬਾਦੀਦਾ ਤਰ ਸਤਿਗੁਰੂ 'ਬਾਲੀ' ਪੇ ਖੜੇ ਥੇ। ਸਿਰਹਾਣੇ

31

ਇਕ ਬਾਰ 'ਸੂਇ ਫਲਕ' ਮੂੰਹ ਕਰਕੇ ਵੁਹ ਬੋਲੇ ਅਸਮਾਨ ਵਲ
ਹੋਨੀ ਹੈ ਜੋ ਕੁਛ ਆਸ਼ਕੇ ਸਾਦਿਕ ਪੈ ਵੁਹ ਹੋ ਲੇ
ਬਰਛੀ, ਹੈ ਇਜਾਜ਼ਤ ਤੋ ਕਲੇਜੇ ਮੇਂ ਗਡੋ ਲੇਂ
ਸਰ ਕਾਟਕੇ ਤਨ ਚਾਹੇ ਤੋ ਨੇਜ਼ੇ ਮੇਂ ਪ੍ਰੋ ਲੇਂ ?
ਹੈ ਸ਼ੌਕ ਸ਼ਹਾਦਤ ਕਾ ਹਮੇਂ ਸਭ ਸੇ ਜ਼ਿਆਦਾ।
ਸੌ ਸਰ ਭੀ ਹੋਂ ਕੁਰਬਾਂ ਤੋਂ ਨਹੀਂ ਰੱਬ ਸੇ ਜ਼ਿਆਦਾ।

32

ਮੈਂ ਨੇ ਹੀ ਬਰਸ ਚੌਦਹ ਕਾ ਬਨਬਾਸ ਥਾ ਝੇਲਾ
ਮੈਂ ਵੁਹ ਹੂੰ ਜਸ਼ੋਧਾਂ ਕੀ ਜੋ ਆਗੋਸ਼ ਮੇਂ ਖੇਲਾ
ਮਾਰਾ ਥਾ ਕੰਸ ਮੈਂ ਨੇ ਥਾ ਅਰਜਨੁ ਮਿਰਾ ਚੇਲਾ
ਕੌਰਵ ਸੇ ਲੜਾ ਮੈਂ ਮਹਾਂ ਭਾਰਤ ਮੇਂ ਇਕੇਲਾ
ਥਾ ਬੁਧ ਭੀ ਮੈਂ ਬਾਦ ਮੇਂ ਸ਼ੰਕਰ ਭੀ ਬਨਾ ਹੂੰ।
ਨਾਨਕ ਕੇ ਭੀ ਚੋਲੇ ਮੇਂ ਮੈਂ ਬਾਬਰ ਕੋ ਮਿਲਾ ਹੂੰ।

33

ਅਕਬਰ ਭੀ ਪਿਆਦਾ ਮਿਰੇ ਦਰਬਾਰ ਮੇਂ ਆਇਆ
ਬਰਕਤ ਨੇ ਮਿਰੀ ਫਤਹ ਥਾ ਆਸਾਮ ਕਰਾਇਆ
ਮੈਂ ਨੇ ਬੁਤ ਵ ਬੁਤਖ਼ਾਨਾ ਖ਼ੁਦਾਈ ਕੋ ਭੁਲਾਇਆ
ਭਗਵਾਨ ਕਾ ਘਰ ਮੈਂ ਨੇ ਹੀ ਮਸਜਿਦ ਥਾ ਬਨਾਇਆ
ਬਾਲੂ ਕੀ ਤਪੀ ਰੇਤ ਮਿਰੇ ਤਨ ਪੇ ਪੜੀ ਥੀ।
ਮੈਂ ਵੁਹ ਹੂੰ ਉਬਲਨੇ ਪੇ ਭੀ ਉਫ ਤਕ ਨ ਕਰੀ ਥੀ।

34

ਹਿੰਮਤ ਕਾ ਮਿਰੀ ਆਪ ਮੀਆਂ ਮੀਰ ਹੈ 'ਸ਼ਾਹਦ' ਗਵਾਹ
ਅਜ਼ਮਤ ਕਾ ਮੇਰੀ ਸ਼ਾਹਿ ਜਹਾਂਗੀਰ ਹੈ ਸ਼ਾਹਦ
ਸਰ ਜਿਸ ਨੇ ਕਟਾ ਦਿਹਲੀ ਮੇਂ 'ਸ਼ਮਸ਼ੀਰ' ਹੈ ਸ਼ਾਹਦ ਤੇਗ
ਤੋ ਸਭ ਸੇ ਜ਼ਿਆਦਾ 'ਫਲਕਿ' ਪੀਰ ਹੈ ਸ਼ਾਹਦ ਅਸਮਾਨ
ਜਬ ਜ਼ੁਲਮ ਸੇ ਜ਼ਾਲਮ ਨੇ ਜਹਾਂ ਪੀਸ ਦੀਆ ਥਾ।
ਹਮ ਨੇ ਹੀ ਧਰਮ ਕੇ ਲੀਏ ਫਿਰ ਸੀਸ ਦੀਆ ਥਾ।

35

ਜਬ ਜਬ ਭੀ ਜ਼ਰੂਰਤ ਹੂਈ ਬੰਦੋਂ ਕੋ ਹਮ ਆਏ
ਜ਼ਾਲਮ ਕਾ ਕੀਆ ਖ਼ਾਤਮਾ 'ਮਜ਼ਲੂਮ ਬਚਾਏ
ਚਿੜੀਓਂ ਸੇ ਅਗਰ ਚਾਹਾ ਤੋ ਫਿਰ ਬਾਜ਼ ਤੁੜਾਏ
ਦੇਖਾ ਜਿਸੇ ਹੱਕਦਾਰ ਉਸੇ ਤਖ਼ਤ ਦਿਲਾਏ
ਕਾਮ ਆਏ ਫਕੀਰੋਂ ਕੇ ਤੋ ਸ਼ਾਹੋਂ ਕੇ ਭੀ ਆਏ।
ਦੁਸ਼ਮਨ ਕੇ ਭੀ ਆਏ 'ਹਵਾ-ਖ਼੍ਵਾਹੋਂ' ਕੇ ਭੀ ਆਏ। ਹਿਤੂਆਂ ਦੇ

36

ਲਖ-ਲੁਟ ਹੈ ਹਮੇਸ਼ਾਂ ਸੇ ਹੀ ਸਰਕਾਰ ਹਮਾਰੀ
ਖਾਲੀ ਨ ਹੀਂ ਜਾਤਾ ਹੈ ਜੋ ਆਤਾ ਹੈ ਭਿਖਾਰੀ
ਦੁਨੀਆਂ ਮੇਂ ਹੈਂ ਹਮ ਬਾਗ਼ ਮੇਂ ਜੂੰ 'ਬਾਦਿ ਬਹਾਰੀ' ਬਸੰਤੀ ਪੌਣ
ਪਿਆਰੀ ਹਮੇਂ ਅੱਲਾਹ ਕੀ 'ਮਖ਼ਲੂਕ' ਹੈ ਸਾਰੀ ਲੋਕਾਈ
ਸਿਖ ਜਾਨ ਸੇ ਪਿਆਰੇ ਹਮੇਂ ਬੱਚੋਂ ਸੇ ਸਿਵਾ ਹੈਂ। ਵਧੇਰੇ
ਤੋ ਹਿੰਦੂ ਮੁਸਲਮ ਪੇ ਭੀਂ ਦਰ ਫ਼ੈਜ਼ ਕੇ ਵਾ ਹੈਂ। ਖੁਲ੍ਹੇ

37

ਮਰਦਾਨੇ ਕੋ ਹਮ ਨੇ ਹੀ 'ਰਫਾਕਤ' ਮੇਂ ਥਾ ਰਖਾ ਸੰਗ ਸਾਥ
ਕੌਲਾਂ ਕੋ ਭੀ ਹਮ ਨੇ ਹਿਫਾਜ਼ਤ ਮੇਂ ਥਾ ਰਖਾ
ਜਿਸਨੇ ਭੀ ਕਦਮ ਅਪਨੀ ਜਮਾਯਤ ਮੇਂ ਥਾ ਰਖਾ
ਮਹਿਫੂਜ਼ ਉਸੇ ਹਮ ਨੇ ਹਰ ਆਫ਼ਤ ਮੇਂ ਥਾ ਰਖਾ
ਅਬ ਭੀ ਵੁਹੀ ਆਦਤ ਵੁਹੀ ਨੀਅਤ ਹੈ ਹਮਾਰੀ।
ਯਕਸਾਂ 'ਹਰਮੋ ਦੈਰ' ਸੇ 'ਸ਼ਫਕਤ' ਹੈ ਹਮਾਰੀ।
ਮਸੀਤ ਤੇ ਮੰਦਰ, ਕ੍ਰਿਪਾ

38

ਮਿਰਜ਼ੇ ਕਈ ਸ਼ੈਦੇ ਸੇ ਭੀ ਕੁਰਬਾਨ ਹੂਏ ਹੈਂ
ਮਾਮੂ ਸੇ 'ਤਸੱਦਕ' ਭੀ ਕਈ ਖ਼ਾਨ ਹੂਏ ਹੈਂ — ਨਿਛਾਵਰ
ਚੰਦੂ ਸੇ ਭੀ ਗੰਗੂ ਸੇ ਭੀ ਸ਼ੈਤਾਨ ਹੂਏ ਹੈਂ
ਬਾਯਜ਼ੀਦ ਸੇ ਭੀ ਬਾਅਜ਼ ਬੇਈਮਾਨ ਹੂਏ ਹੈਂ
ਹਿੰਦੂ ਹੈਂ ਸਭ ਅੱਛੇ ਨਾ ਮੁਸਲਮਾਨ ਹੈਂ ਅੱਛੇ ।
ਦਿਲ ਨੇਕ ਹੈਂ ਜਿਨਕੇ ਵਹੀ ਇਨਸਾਨ ਹੈਂ ਅੱਛੇ ।

39

ਤਾਰੋਂ ਸੇ ਥਾ ਆਕਾਸ਼ ਚਰਾਗੋਂ ਭਰੀ ਥਾਲੀ
ਥੀ ਰੁਖ ਪੇ ਬੜੇ ਬੁਤ ਕੇ ਪੜੀ ਨੂਰ ਕੀ ਜਾਲੀ
ਅਬ ਜਲ ਚੁਕੀ ਥੀ 'ਚਰਖ਼' ਕੇ ਮੰਦਰ ਮੇਂ ਦੀਵਾਲੀ — ਗਗਨ
ਥੀ ਪੁਜ ਚੁਕੀ ਥੀ ਜ਼ੁਹਰਾ 'ਜਬੀਂ' ਪੂਜਨੇ ਵਾਲੀ — ਚਿਹਰਾ
ਫਿਰ 'ਸ਼ਰਕ' ਕੀ ਜਾਨਬ ਸੇ ਸਫੈਦੀ ਨਿਕਲ ਆਈ । — ਪੂਰਬ
'ਜ਼ੁਲਮਾਤ' ਮੇਂ ਇਕ ਨੂਰ ਕੀ ਨਦੀ ਉਛਲ ਆਈ । — ਅੰਧੇਰੇ

40

ਇਸ ਜ਼ੋਰ ਸੇ 'ਸੇਲਾਬ' ਹੂਆ ਨੂਰ ਕਾ ਜਾਰੀ — ਹੜ੍ਹ
'ਕਫ' ਕੀ ਤਰਹ ਬਹਨੇ ਲਗੀ ਅੰਜਮ ਕੀ ਕਿਆਰੀ — ਝੱਗ
ਤਾਰੋਂ ਨੇ ਸਹਰ ਕੇ ਅਭੀ ਹਿੰਮਤ ਨਾ ਥੀ ਹਾਰੀ
ਤੂਫਾਨ ਹੂਆ ਮਾਹ ਕੀ ਕਿਸ਼ਤੀ ਪੇ ਭੀ ਤਾਰੀ
ਇਸ ਸੈਲ ਸੇ 'ਸਿਆਰੇ' ਸਭੀ ਔਜ ਪੇ ਟੂਟੇ । — ਤਾਰੇ
ਜਿਸ ਤਰਹ 'ਹੱਬਾਬ' ਆ ਕੇ ਸਰਿ ਮੌਜ ਪੇ ਟੂਟੇ । — ਬੁਲਬੁਲੇ

41

ਜਿਤਨੀ ਬੀ ਕਮਾਂ ਨੂਰ ਕੀ ਖੈਂਚਤੀ ਚਲੀ ਆਤੀ
ਥੀ ਉਤਨੀ ਸਿਆਹੀ ਪੇ ਸਫ਼ੈਦੀ ਮਿਲ ਜਾਤੀ
ਹਰ ਇਕ ਕਿਰਨ ਤੀਰ ਕੀ ਤੇਜ਼ੀ ਥੀ ਦਿਖਾਤੀ
ਨੇਜ਼ੋਂ ਸੇ 'ਸ਼ੁਆਓਂ' ਕੇ ਛਨੀ ਚਰਖ ਕੀ ਛਾਤੀ
'ਖੁਰਸ਼ੀਦ' ਨਿਕਲਨੇ ਹੀ ਕੋ ਥਾ ਅਬ ਕੋਈ ਦਮ ਸੇਂ ਸੂਰਜ
ਹੋਨੇ ਕੋ ਥਾ ਫਿਰ ਹਸ਼ਰ ਬਪਾ 'ਅਰਬੋ ਅਜਮ' ਮੇਂ । ਭਾਵ ਸਾਰੇ

42

ਬੇਦਾਰ ਥੇ ਸਭ ਖਾਲਸਾ ਜੀ ਹੋ ਚੁਕੇ ਕਬ ਕੇ
ਨਹਾ ਧੋ ਕੇ ਬੈਠੇ ਹੂਏ ਥੇ ਧਿਆਨ ਮੇਂ ਰੱਬ ਕੇ
ਦੀਵਾਨ ਬੜੀ ਸ਼ਾਨ ਕਾ ਜਲਵੇ ਥੇ ਗਜ਼ਬ ਕੇ
ਖ਼ੁਦ ਰਖਤੇ ਥੇ ਤਸ਼ਰੀਫ ਗੁਰੂ ਸਾਹਮਨੇ ਸਭ ਕੇ
ਥੇ ਪਾਸ ਅਜੀਤ ਔਰ ਥੇ ਜੁਝਾਰ ਪਿਆਰੇ ।
ਗੁਰਿਆਈ ਕੇ ਚੜ੍ਹਤੇ ਹੂਏ ਦਰਿਆ ਕੇ ਕਿਨਾਰੇ ।

43

ਗੱਦੀ ਪੇ ਪਿਤਾ ਬੇਟੇ ਭੀ ਮਸਨਦ ਕੇ 'ਕਰੀਂ' ਥੇ
